Excellence in Agri Info

# ਖੇਤੀ ਦੁਨੀਆਂ

ਭਾਰਤ ਦਾ ਇਕੋ-ਇੱਕ ਪੰਜਾਬੀ ਖੇਤੀਬਾੜੀ ਹਫਤਾਵਾਰੀ ਅਖਬਾਰ

Rs. 10/-

All Disputes Subject to Patiala Jurisdiction

KHETI DUNIYAN, PATIALA

WEEKLY KHETI DUNIYAN

ਸਾਲ 44 • ਅੰਕ 8 • ਸ਼ਨੀਵਾਰ 21 ਫਰਵਰੀ, 2026

Editor : Jagpreet Singh • Postage Regd. No. PB/PTA/0338/2025-2027 • RNI 42269/83 (PUNPUN00806) • Issue Dt. 21-02-2026 • Page : 8 • Mktg. Office : KD Complex, Gaushala Road, Patiala (Pb.) • E-mail : khetiduniyan1983@gmail.com

ਕੌਮਾਂਤਰੀ

# ਮਾਂ ਬੋਲੀ ਦਿਵਸ

## ਦੀਆਂ ਲੱਖ-ਲੱਖ ਵਧਾਈਆਂ




ਆਪਣੀ ਮਾਂ-ਬੋਲੀ ਨੂੰ ਪ੍ਰਣਾਇਆ ਮਨੁੱਖ ਹੀ ਚੰਗੇ ਗੁਣਾਂ, ਕਦਰਾਂ-ਕੀਮਤਾਂ ਅਤੇ ਸਿਆਣਪ ਦਾ ਧਾਰਨੀ ਹੁੰਦਾ ਹੈ। ਬਹੁਤ ਸਾਰੀਆਂ ਖੋਜਾਂ ਵੀ ਇਹ ਸਾਬਤ ਕਰ ਚੁੱਕੀਆਂ ਹਨ ਕਿ ਆਪਣੀ ਮਾਂ-ਬੋਲੀ 'ਚ ਨਿਪੁੰਨ ਵਿਅਕਤੀ ਕਿਸੇ ਵੀ ਭਾਸ਼ਾ ਨੂੰ ਸਹਿਜੇ ਹੀ ਗ੍ਰਹਿਣ ਕਰ ਸਕਦਾ ਹੈ।

ਗੁਰੂਆਂ, ਪੀਰਾਂ, ਸੰਤਾਂ, ਭਗਤਾਂ ਅਤੇ ਰਿਸ਼ੀਆਂ-ਮੁਨੀਆਂ ਦੀ ਵਰੋਸਾਈ "ਧਰਤ ਪੰਜਾਬ" ਤੋਂ ਉਪਜੇ ਬੋਲ ਮਹਾਨ ਗ੍ਰੰਥਾਂ ਦਾ ਰੂਪ ਧਾਰ ਕੇ ਲੋਕ-ਮਾਨਸਿਕਤਾ ਵਿੱਚ ਉੱਚ ਕਦਰਾਂ-ਕੀਮਤਾਂ ਪੈਦਾ ਕਰਦੇ ਆਏ ਹਨ। ਇਹ ਵਡਮੁੱਲੀਆਂ ਲਿਖਤਾਂ ਜਾਤ, ਮਜ਼ਹਬ ਅਤੇ ਫ਼ਿਰਕਿਆਂ ਦੀਆਂ ਤੰਗ ਵਲਗਣਾਂ ਤੋਂ ਉੱਪਰ ਉਠ ਕੇ ਸਮੁੱਚੀ ਮਨੁੱਖਤਾ ਦੀ ਭਲਾਈ ਲਈ ਅਨਮੋਲ ਅਤੇ ਅਮੋਲਕ ਵਿਰਸਾ ਬਣੀਆਂ ਹਨ।

ਮੈਨੂੰ ਆਪਣੀ ਮਾਂ-ਬੋਲੀ ਪੰਜਾਬੀ ਉਤੇ ਬਹੁਤ ਮਾਣ ਹੈ। ਦੇਸ਼-ਵਿਦੇਸ਼ 'ਚ ਵੱਸਦੇ ਪੰਜਾਬੀ ਆਪਣੀ ਸਮਰੱਥਾ ਅਨੁਸਾਰ ਮਾਂ-ਬੋਲੀ ਪੰਜਾਬੀ ਦਾ ਮਾਣ ਵਧਾਉਣ ਵਿੱਚ ਨਿੱਗਰ ਯੋਗਦਾਨ ਪਾ ਰਹੇ ਹਨ। ਇਸੇ ਕਰਕੇ ਪੰਜਾਬੀ ਮਾਂ-ਬੋਲੀ ਅੱਜ ਸੰਸਾਰ ਦੀਆਂ ਵਿਕਸਿਤ ਭਾਸ਼ਾਵਾਂ ਵਿੱਚ ਉੱਚਾ ਸਥਾਨ ਰੱਖਦੀ ਹੈ।

ਆਉ, ਅੱਜ **ਕੌਮਾਂਤਰੀ ਮਾਂ ਬੋਲੀ ਦਿਵਸ** ਮੌਕੇ ਆਪਣੀ ਮਾਂ-ਬੋਲੀ ਪੰਜਾਬੀ ਦਾ ਮਾਣ ਵਧਾਈਏ, ਆਪਣੀ ਭਾਸ਼ਾਈ ਅਮੀਰੀ ਨੂੰ ਸਾਂਭੀਏ ਅਤੇ ਪੰਜਾਬੀ ਭਾਸ਼ਾ ਤੇ ਸਾਹਿਤ ਰਾਹੀਂ ਆਪਸੀ ਪਿਆਰ, ਭਾਈਚਾਰਕ ਸਾਂਝ ਅਤੇ ਕੌਮੀ ਏਕਤਾ ਨੂੰ ਹੋਰ ਮਜ਼ਬੂਤ ਕਰੀਏ।



**ਸ. ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

# ਸ਼ਹਿਦ ਮੱਖੀਆਂ ਲਈ ਮੁੱਖ ਫਲੋਰਾ ਅਤੇ ਇਸ ਦੀ ਮਹੱਤਤਾ



ਜਸਪਾਲ ਸਿੰਘ, ਪਰਦੀਪ ਕੁਮਾਰ ਛੁਨੇਜਾ ਅਤੇ ਸੰਜੀਵ ਚੌਹਾਨ,
ਕੀਟ ਵਿਗਿਆਨ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ

ਸ਼ਹਿਦ ਮੱਖੀਆਂ ਦਾ ਫੁੱਲਾਂ ਨਾਲ ਆਦਿ ਕਾਲ ਤੋਂ ਹੀ ਗੂੜ੍ਹਾ ਸਬੰਧੀ ਰਿਹਾ ਹੈ। ਇਹ ਫੁੱਲਾਂ ਤੋ ਪੋਲਨ (ਪਰਾਗ) ਅਤੇ ਨੈਕਟਰ ਇਕੱਠਾ ਕਰਦੀਆਂ ਹਨ। ਇਸ ਦੇ ਬਦਲੇ ਇਹ ਪੌਦਿਆਂ ਦਾ ਅਨਜਾਣੇ ਹੀ ਪ੍ਰਾਗਣ ਕਰਕੇ ਉਨ੍ਹਾਂ ਨੂੰ ਉਪਜ ਵਿੱਚ ਵਾਧਾ ਕਰਨ ਅਤੇ ਬੂਟਿਆਂ ਦੀ ਨਸਲ ਨੂੰ ਚੱਲਦਾ ਰੱਖਣ ਵਿੱਚ ਸਹਾਈ ਹੁੰਦੀਆਂ ਹਨ। ਪਰਾਗ-ਕਣ ਪ੍ਰੋਟੀਨ ਅਤੇ ਨੈਕਟਰ ਖੰਡਾਂ ਦਾ ਸੋਮਾ ਹੋਣ ਕਾਰਨ ਇਹ ਮਧੂ ਮੱਖੀਆਂ ਦੇ ਸਰੀਰਕ ਵਿਕਾਸ ਅਤੇ ਕੰਮ ਕਰਨ ਲਈ ਸਹਾਈ ਹੁੰਦੇ ਹਨ। ਇਸ ਲਈ ਕਿਸੇ ਇਲਾਕੇ ਵਿੱਚ ਮਧੂ ਮੱਖੀਆਂ ਦੇ ਧੰਦੇ ਦੀ ਕਾਮਯਾਬੀ ਉੱਥੇ ਮੱਖੀਆਂ ਲਈ ਫੁੱਲ-ਫੁਲਾਕੇ ਦੀ ਬਹੁਤਾਤ ਤੇ ਨਿਰਭਰ ਕਰਦੀ ਹੈ।

ਜਿਨ੍ਹਾਂ ਇਲਾਕਿਆਂ ਵਿੱਚ ਨੈਕਟਰ ਅਤੇ ਪੋਲਨ ਦੇ ਸਰੋਤ ਫਸਲਾਂ ਅਤੇ ਦਰੱਖਤ ਵੱਡੇ ਇਲਾਕੇ ਅਤੇ ਲੰਬੇ ਸਮੇਂ ਲਈ ਮੌਜੂਦ ਹੋਣ, ਸ਼ਹਿਦ ਮੱਖੀ ਕਟੁੰਬਾਂ ਤੋਂ ਇੱਕ ਤੋਂ ਵੱਧ ਵਾਰ ਸ਼ਹਿਦ ਕੱਢਿਆ ਜਾ ਸਕਦਾ ਹੈ। ਪੰਜਾਬ ਵਿੱਚ ਸ਼ਹਿਦ ਮੱਖੀਆਂ ਖੁਰਾਕ ਲੈਣ ਲਈ ਤਕਰੀਬਨ 172 ਕਿਸਮ ਦੇ ਪੌਦਿਆਂ ਦੇ ਫੁੱਲਾਂ ਤੇ ਜਾਂਦੀਆਂ ਹਨ। ਸ਼ਹਿਦ ਮੱਖੀਆਂ 27 ਕਿਸਮ ਦੇ ਪੌਦਿਆਂ ਤੋਂ ਨੈਕਟਰ, 25 ਕਿਸਮ ਦੇ ਪੌਦਿਆਂ ਤੋਂ ਪੋਲਨ ਅਤੇ 120 ਕਿਸਮ ਦੇ ਪੌਦਿਆਂ ਤੋਂ ਨੈਕਟਰ ਅਤੇ ਪੋਲਨ ਦੋਵੇਂ ਇਕੱਠਾ ਕਰਦੀਆਂ ਹਨ।

**ਸ਼ਹਿਦ ਮੱਖੀਆਂ ਲਈ ਉਪਯੋਗੀ ਮੁੱਖ ਫਸਲਾਂ** : ਸ਼ਹਿਦ ਮੱਖੀਆਂ ਲਈ ਉਪਯੋਗੀ ਮੁੱਖ ਫਸਲਾਂ ਵਿੱਚੋਂ ਤੋਰੀਆ (ਅਕਤੂਬਰ-ਨਵੰਬਰ), ਰਾਇਆ (ਦਸੰਬਰ-ਫਰਵਰੀ), ਗੋਭੀ ਸਰ੍ਹੋਂ (ਜਨਵਰੀ-ਮਾਰਚ), ਸੂਰਜਮੁਖੀ (ਅਪ੍ਰੈਲ-ਮਈ), ਬਰਸੀਮ (ਅਪ੍ਰੈਲ-ਜੂਨ), ਕੱਦੂ ਜਾਤੀ (ਅਪ੍ਰੈਲ-ਮਈ, ਅਗਸਤ-ਅਕਤੂਬਰ), ਨਰਮਾ (ਅਗਸਤ-ਸਤੰਬਰ), ਆਦਿ ਨੈਕਟਰ ਅਤੇ ਪੋਲਨ ਦੇ ਬਹੁਤ ਵਧੀਆ ਸਰੋਤ ਹਨ। ਮੱਕੀ ਅਤੇ ਬਾਜਰਾ (ਮਈ-ਸਤੰਬਰ) ਪੋਲਨ ਦੇ ਜਦੋਂ ਕਿ ਅਰਹਰ (ਸਤੰਬਰ-ਅਕਤੂਬਰ) ਨੈਕਟਰ ਦੇ ਵਧੀਆ ਸਰੋਤ ਹਨ।

**ਸ਼ਹਿਦ ਮੱਖੀਆਂ ਲਈ ਉਪਯੋਗੀ ਮੁੱਖ ਦਰੱਖਤ** : ਬਹੁਤ ਸਾਰੇ ਫਲਦਾਰ ਦਰੱਖਤ ਵੀ ਸ਼ਹਿਦ ਮੱਖੀਆਂ ਨੂੰ ਨੈਕਟਰ ਜਾਂ ਪੋਲਨ ਜਾਂ ਦੋਨੋਂ ਹੀ ਮੁਹੱਈਆ ਕਰਵਾਉਂਦੇ ਹਨ। ਇਨ੍ਹਾਂ ਵਿੱਚੋਂ ਮੁੱਖ ਤੌਰ ਤੇ ਨਿੰਬੂ ਜਾਤੀ (ਫਰਵਰੀ-ਅਪ੍ਰੈਲ), ਆੜੂ (ਜਨਵਰੀ-ਫਰਵਰੀ), ਨਾਸ਼ਪਾਤੀ (ਫਰਵਰੀ-ਮਾਰਚ), ਲੀਚੀ (ਮਾਰਚ-ਅਪ੍ਰੈਲ), ਅਮਰੂਦ (ਅਪ੍ਰੈਲ-ਮਈ, ਅਗਸਤ-ਸਤੰਬਰ) ਅਤੇ ਬੇਰ (ਅਗਸਤ-ਅਕਤੂਬਰ) ਸ਼ਹਿਦ ਮੱਖੀਆਂ ਲਈ ਨੈਕਟਰ ਅਤੇ ਪੋਲਨ ਦੇ ਬਹੁਤ ਵਧੀਆ ਸਰੋਤ ਹਨ।

ਫਸਲਾਂ ਅਤੇ ਫਲਦਾਰ ਦਰੱਖਤਾਂ ਤੋਂ ਇਲਾਵਾ ਬਹੁਤ ਸਾਰੇ ਜੰਗਲਾਤ ਅਤੇ ਸਜਾਵਟੀ ਦਰੱਖਤ, ਬੂਟੇ ਅਤੇ ਵੇਲਾਂ ਵੀ ਸ਼ਹਿਦ ਮੱਖੀਆਂ ਲਈ ਨੈਕਟਰ ਅਤੇ ਪੋਲਣ ਦਾ ਵਧੀਆ ਸਰੋਤ ਹਨ। ਇਸ ਲਈ ਇਹ ਦਰੱਖਤ ਨਾ ਸਿਰਫ ਪਰਾਗਣ ਕਰਨ ਵਾਲੇ ਕੀਟਾਂ ਜਾਂ ਜੰਗਲੀ ਮੱਖੀਆਂ ਦੇ ਵਾਧੇ ਵਿੱਚ ਯੋਗਦਾਨ ਪਾਉਂਦੇ ਹਨ ਬਲਕਿ ਪਾਲਤੂ ਸ਼ਹਿਦ ਮੱਖੀਆਂ ਦੇ ਵਪਾਰਕ ਉਤਪਾਦਨ ਵਿੱਚ ਵੀ ਵਾਧਾ ਕਰਦੇ ਹਨ।



ਜੰਗਲਾਤ ਅਤੇ ਸਜਾਵਟੀ ਦਰੱਖਤਾਂ ਵਿੱਚ ਸਫੈਦਾ (ਨਵੰਬਰ-ਦਸੰਬਰ, ਫਰਵਰੀ-ਅਪ੍ਰੈਲ), ਟਾਹਲੀ (ਮਾਰਚ-ਅਪ੍ਰੈਲ), ਬੇਰ (ਅਗਸਤ-ਸਤੰਬਰ) ਅਤੇ ਕੜ੍ਹੀ ਪੱਤਾ (ਅਪ੍ਰੈਲ-ਮਈ) ਨੈਕਟਰ ਅਤੇ ਪੋਲਣ ਦੇ ਬਹੁਤ ਵਧੀਆ ਸਰੋਤ ਹਨ। ਜਦੋਂ ਕਿ ਕਿੱਕਰ (ਅਗਸਤ-ਅਕਤੂਬਰ), ਧਰੇਕ (ਫਰਵਰੀ-ਮਾਰਚ), ਸੁਹੰਜਣਾ (ਮਾਰਚ-ਅਪ੍ਰੈਲ), ਸੁਬਬੂਲ (ਮਾਰਚ-ਅਪ੍ਰੈਲ, ਸਤੰਬਰ-ਅਕਤੂਬਰ), ਰੁਕਮੰਜਣੀ / ਸਾਵਣੀ (ਮਈ-ਸਤੰਬਰ), ਨਿੰਮ (ਮਈ), ਫਲਾਹੀ (ਜੂਨ-ਜੁਲਾਈ), ਆਦਿ ਦੇ ਵਧੀਆ ਸਰੋਤ ਹਨ। ਖੈਰ (ਜੁਲਾਈ-ਅਗਸਤ) ਤੋਂ ਇਲਾਵਾ ਕਚਨਾਰ (ਫਰਵਰੀ-ਮਈ), ਸਰੀਂਹ (ਮਈ-ਜੂਨ), ਅਮਲਤਾਸ (ਮਈ-ਜੂਨ), ਜਾਮਣ (ਮਈ-ਜੂਨ) ਅਤੇ ਅਰਜੁਨ (ਮਈ-ਜੂਨ), ਆਦਿ ਸਿਰਫ ਨੈਕਟਰ ਦੇ ਸਰੋਤ ਹਨ।

**ਸ਼ਹਿਦ ਮੱਖੀਆਂ ਲਈ ਉਪਯੋਗੀ ਮੁੱਖ ਸਜਾਵਟੀ ਬੂਟੇ ਅਤੇ ਵੇਲਾਂ** : ਟੀਕੋਮਾ (ਅਪ੍ਰੈਲ-ਅਕਤੂਬਰ), ਪੀਲੀ ਕਨੇਰ (ਜੁਲਾਈ-ਸਤੰਬਰ) ਅਤੇ ਬਸੂਟੀ (ਮਾਰਚ-ਜੂਨ) ਨੈਕਟਰ ਦੇ ਵਧੀਆ ਸਰੋਤ ਹਨ। ਕਈ ਹੋਰ ਸਜਾਵਟੀ ਬੂਟਿਆਂ ਜਿਵੇਂ ਕਿ ਬੁਡਲੀਆ (ਫਰਵਰੀ-ਮਾਰਚ), ਹੈਮਲਟੋਨੀਆ (ਅਪ੍ਰੈਲ), ਮਾਧਵੀ ਲਤਾ (ਅਪ੍ਰੈਲ), ਰੁਕਮੰਜਣੀ/ਸਾਵਣੀ (ਮਈ-ਅਗਸਤ), ਹਮੀਲੀਆ (ਸਤੰਬਰ-ਅਕਤੂਬਰ) ਅਤੇ ਪੌਲਸੈਟੀਆ (ਦਸੰਬਰ-ਫਰਵਰੀ) ਤੋਂ ਸ਼ਹਿਦ ਮੱਖੀਆਂ ਨੂੰ ਨੈਕਟਰ ਅਤੇ ਪੋਲਨ ਦੋਨੋਂ ਪ੍ਰਾਪਤ ਹੁੰਦੇ ਹਨ।

ਸਜਾਵਟੀ ਵੇਲ ਕੋਰਲ ਕਰੀਪਰ ਜੁਲਾਈ ਤੋਂ ਅਕਤੂਬਰ ਦੌਰਾਨ ਸ਼ਹਿਦ ਮੱਖੀਆਂ ਨੂੰ ਭਰਪੂਰ ਨੈਕਟਰ ਅਤੇ ਪੋਲਨ ਮੁਹੱਈਆ ਕਰਵਾਉਂਦੀ ਹੈ। ਨਸਟਰਸ਼ੀਅਮ (ਜਨਵਰੀ-ਮਾਰਚ), ਗਰੇਪ ਫਲਾਵਰ ਵੇਲ (ਮਾਰਚ-ਅਪ੍ਰੈਲ) ਅਤੇ ਰੇਲਵੇ ਕਰੀਪਰ (ਅਗਸਤ-ਸਤੰਬਰ) ਵੀ ਨੈਕਟਰ ਅਤੇ ਪੋਲਨ ਦੇ ਸਰੋਤ ਹਨ ਪਰੰਤੂ ਚੀਨੀ ਟਰੰਪਟ ਤੋਂ ਜੂਨ-ਸਤੰਬਰ ਦੌਰਾਨ ਨੈਕਟਰ ਮੌਜੂਦ ਹੁੰਦਾ ਹੈ।

**ਪੰਜਾਬ ਵਿੱਚ ਨੈਕਟਰ ਅਤੇ ਪੋਲਨ ਦੀ ਘਾਟ ਦੇ ਸਮੇਂ ਬੀ ਫਲੋਰਾ** : ਹਾਲਾਂਕਿ ਪੰਜਾਬ ਵਿੱਚ ਸ਼ਹਿਦ ਦੀ ਆਮਦ ਦੇ ਮੁੱਖ ਸਮੇਂ (ਸਰਦੀ ਅਤੇ ਬਸੰਤ ਰੁੱਤ) ਦੌਰਾਨ ਸ਼ਹਿਦ ਮੱਖੀਆਂ ਸਰ੍ਹੋਂ ਅਤੇ ਸਫੈਦੇ ਤੋਂ ਇਲਾਵਾ ਵੀ ਕਈਂ ਦਰੱਖਤਾਂ ਅਤੇ ਬੂਟਿਆਂ ਤੋਂ ਸ਼ਹਿਦ ਅਤੇ ਪੋਲਨ ਪ੍ਰਾਪਤ ਕਰਦੀਆਂ ਹਨ, ਪਰੰਤੂ ਇਸ ਸਮੇਂ ਤੋਂ ਉਪਰੰਤ ਖੁਰਾਕ ਦੀ ਘਾਟ ਕਾਰਨ ਸ਼ਹਿਦ ਮੱਖੀਆਂ ਦੇ ਕਟੁੰਬਾਂ ਦੀ ਉਤਪਾਦਕਤਾ ਘੱਟ ਜਾਂਦੀ ਹੈ। ਸੋ ਲੋੜ ਹੈ ਕਿ ਅਜਿਹੇ ਦਰੱਖਤ ਅਤੇ ਬੂਟੇ ਵੱਡੀ ਪੱਧਰ ਤੇ ਲਾਏ ਜਾਣ ਜਿਹੜੇ ਸ਼ਹਿਦ ਮੱਖੀਆਂ ਨੂੰ ਖੁਰਾਕ ਦੀ ਘਾਟ ਦੇ ਸਮੇਂ (ਮਈ-ਅਕਤੂਬਰ) ਦੌਰਾਨ ਨੈਕਟਰ ਅਤੇ ਪੋਲਨ ਮੁਹੱਈਆ ਕਰਵਾਉਣ ਲਈ ਜਾਮਣ, ਰੁਕਮੰਜਣੀ, ਅਰਜੁਣ, ਖੈਰ, ਕਿੱਕਰ, ਫਲਾਹੀ, ਕੇਸੀਆ, ਮਲਾਹ, ਸੁਬਬੂਲ, ਰੇਲਵੇ ਕਰੀਪਰ, ਆਦਿ ਦਰੱਖਤ/ਬੂਟੇ ਲਗਾਉਣੇ ਚਾਹੀਦੇ ਹਨ।

**ਸ਼ਹਿਦ ਮੱਖੀ ਕਟੁੰਬਾਂ ਦੀ ਹਿਜਰਤ ਦੀਆਂ ਸੰਭਾਵਨਾਵਾਂ** : ਸਾਲ ਦੇ ਵੱਖ-ਵੱਖ ਮਹੀਨਿਆਂ ਦੌਰਾਨ ਪੰਜਾਬ ਅਤੇ ਆਸ-ਪਾਸ ਦੇ ਰਾਜਾਂ ਵਿੱਚ ਉਪਲਬਧ ਨੈਕਟਰ ਅਤੇ ਪੋਲਨ ਦੇ ਸਰੋਤਾਂ ਤੋਂ ਵੀ ਪੰਜਾਬ ਦੇ ਸ਼ਹਿਦ ਮੱਖੀ ਪਾਲਕ ਆਪਣੇ ਮੱਖੀ ਕਟੁੰਬਾਂ ਦੀ ਹਿਜਰਤ ਕਰ ਸਕਦੇ ਹਨ।

★ ਖੈਰ ਤੋਂ ਸ਼ਹਿਦ ਪ੍ਰਾਪਤ ਕਰਨ ਲਈ ਜੁਲਾਈ-ਅਗਸਤ ਦੌਰਾਨ ਪੰਜਾਬ ਦੇ ਕੰਡੀ ਇਲਾਕੇ, ਹੁਸ਼ਿਆਰਪੁਰ, ਆਨੰਦਪੁਰ ਸਾਹਿਬ, ਹਿਮਾਚਲ ਪ੍ਰਦੇਸ਼ ਦੇ ਨਾਲਾਗੜ ਅਤੇ ਹਰਿਆਣਾ ਦੇ ਪਿੰਜੌਰ ਅਤੇ ਮੋਰਨੀ ਹਿਲਜ਼ ਇਲਾਕਿਆਂ ਵਿੱਚ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ।

★ ਬਾਜਰਾ ਸ਼ਹਿਦ ਮੱਖੀਆਂ ਲਈ ਪੋਲਨ ਦਾ ਬਹੁਤ ਵਧੀਆ ਸਰੋਤ ਹੈ ਜੋ ਕਟੁੰਬਾਂ ਵਿੱਚ ਬਰੂਡ ਅਤੇ ਸ਼ਹਿਦ ਮੱਖੀਆਂ ਦੇ ਵਾਧੇ ਲਈ ਅਨੁਕੂਲ ਹੈ। ਇਸ ਲਈ ਜੁਲਾਈ-ਅਗਸਤ ਦੌਰਾਨ ਹਰਿਆਣਾ ਦੇ ਨਰਭੱਦਰਾ, ਚਰਖੀ ਦਾਦਰੀ, ਰਿਵਾੜੀ ਅਤੇ ਰਾਜਸਥਾਨ ਦੇ ਭਰਤਪੁਰ ਇਲਾਕਿਆਂ ਵਿੱਚ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ।

★ ਅਜਵੈਨ ਤੋਂ ਸ਼ਹਿਦ ਪ੍ਰਾਪਤ ਕਰਨ ਲਈ ਜੁਲਾਈ-ਅਗਸਤ ਦੌਰਾਨ ਮੱਧ ਪ੍ਰਦੇਸ਼ ਦੇ ਸ਼ਿਵਪੁਰੀ ਅਤੇ ਰਾਜਸਥਾਨ ਦੇ ਚਿਤੌੜਗੜ੍ਹ ਇਲਾਕਿਆਂ ਵਿੱਚ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ।

★ ਸਤੰਬਰ-ਅਕਤੂਬਰ ਦੌਰਾਨ ਅਰਹਰ ਤੋਂ ਸ਼ਹਿਦ ਪ੍ਰਾਪਤੀ ਲਈ ਅੰਮ੍ਰਿਤਸਰ, ਲੁਧਿਆਣਾ, ਪਟਿਆਲਾ, ਸੰਗਰੂਰ, ਆਦਿ ਇਲਾਕਿਆਂ ਵਿੱਚ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ। ਫਰੀਦਕੋਟ, ਮਾਨਸਾ, ਬਠਿੰਡਾ, ਬਰਨਾਲਾ, ਅਬੋਹਰ ਅਤੇ ਹਰਿਆਣਾ ਦੇ ਹਿਸਾਰ ਅਤੇ ਸਿਰਸਾ ਇਲਾਕਿਆਂ ਵਿੱਚ ਕਟੁੰਬਾਂ ਦੀ ਹਿਜਰਤ ਕਰ ਕੇ ਬੇਰ ਅਤੇ ਨਰਮੇ ਤੋਂ ਸ਼ਹਿਦ ਪ੍ਰਾਪਤ ਕੀਤਾ ਜਾ ਸਕਦਾ ਹੈ।

★ ਨਵੰਬਰ ਦੌਰਾਨ ਛਿਛੜੀ ਦਾ ਸ਼ਹਿਦ ਪ੍ਰਾਪਤ ਕਰਨ ਲਈ ਜੰਮੂ ਅਤੇ ਹਿਮਾਚਲ ਪ੍ਰਦੇਸ਼ ਵਿੱਚ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ। ਇਸ ਸਮੇਂ ਦੌਰਾਨ ਤੋਰੀਆ ਅੰਮ੍ਰਿਤਸਰ, ਤਰਨਤਾਰਨ, ਖਡੂਰ ਸਾਹਿਬ, ਰਾਇਆ ਆਦਿ ਇਲਾਕਿਆਂ ਵਿੱਚ ਹੁੰਦਾ ਹੈ।

★ ਰਾਇਆ ਭਾਰਤ ਵਿੱਚ ਸ਼ਹਿਦ ਦਾ ਪ੍ਰਮੁੱਖ ਸਰੋਤ ਹੈ। ਇਸ ਸ਼ਹਿਦ ਦੀ ਪ੍ਰਾਪਤੀ ਲਈ ਦਸੰਬਰ-ਜਨਵਰੀ ਦੌਰਾਨ ਰਾਜਸਥਾਨ ਦੇ ਭਰਤਪੁਰ, ਕੋਟਾ, ਸ੍ਰੀ ਗੰਗਾਨਗਰ; ਹਰਿਆਣਾ ਦੇ ਹਿਸਾਰ, ਰਿਵਾੜੀ ਅਤੇ ਪੰਜਾਬ ਦੇ ਬਠਿੰਡਾ, ਤਲਵੰਡੀ ਸਾਬੋ ਅਤੇ ਮਾਨਸਾ ਆਦਿ ਇਲਾਕਿਆਂ ਵਿੱਚ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ। ਫਰਵਰੀ-ਮਾਰਚ ਦੌਰਾਨ ਰਾਇਆ, ਗੋਭੀ ਸਰ੍ਹੋਂ, ਸਫੈਦਾ, ਟਾਹਲੀ, ਆਦਿ ਸ਼ਹਿਦ ਮੱਖੀਆਂ ਨੂੰ ਭਰਪੂਰ ਨੈਕਟਰ ਅਤੇ ਪੋਲਨ ਉਪਲਬਧ ਕਰਵਾਉਂਦੇ ਹਨ। ਰਾਜਸਥਾਨ ਦੇ ਕੋਟਾ ਅਤੇ ਮੱਧ ਪ੍ਰਦੇਸ਼ ਦੇ ਸੁਲਤਾਨਪੁਰ ਅਤੇ ਸ਼ਿਵਪੁਰ ਇਲਾਕਿਆਂ ਤੋਂ ਧਨੀਏ ਦਾ ਸ਼ਹਿਦ ਪ੍ਰਾਪਤ ਕਰ ਸਕਦੇ ਹੋ।

★ ਅਪ੍ਰੈਲ ਦੌਰਾਨ ਕੰਡੀ ਇਲਾਕਾ ਵਿੱਚ ਟਾਹਲੀ, ਫਲਾਹੀ, ਕੜ੍ਹੀ ਪੱਤਾ ਜਦੋਂ ਕਿ ਪਠਾਨਕੋਟ ਅਤੇ ਗੁਰਦਾਸਪੁਰ ਦੇ ਇਲਾਕਿਆਂ ਤੋਂ ਲੀਚੀ ਦਾ ਸ਼ਹਿਦ ਪ੍ਰਾਪਤ ਕਰ ਸਕਦੇ ਹੋ। ਅਪ੍ਰੈਲ-ਮਈ ਦੌਰਾਨ ਲਗਭੱਗ ਸਾਰੇ ਪੰਜਾਬ ਵਿੱਚ ਬਰਸੀਮ ਤੋਂ ਅਤੇ ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਨਕੋਦਰ, ਰਾਜਪੁਰਾ, ਹਰਿਆਣਾ ਤੋਂ ਸੂਰਜਮੁਖੀ ਦੇ ਫੁੱਲਾਂ ਤੋਂ ਸ਼ਹਿਦ ਪ੍ਰਾਪਤੀ ਲਈ ਕਟੁੰਬਾਂ ਦੀ ਹਿਜਰਤ ਕਰ ਸਕਦੇ ਹੋ।

ਫੁੱਲਾਂ ਵਾਲੇ ਦਰੱਖਤਾਂ/ਬੂਟਿਆਂ ਤੋਂ ਇਲਾਵਾ ਬੋਹੜ, ਪਿੱਪਲ, ਅੰਬ ਅਤੇ ਲਸੂੜਾ, ਆਦਿ ਸ਼ਹਿਦ ਮੱਖੀਆਂ ਨੂੰ ਛੱਤੇ ਲਾਉਣ ਲਈ ਜਗ੍ਹਾ ਵੀ ਉਪਲਬਧ ਕਰਵਾਉਂਦੇ ਹਨ। ਸ਼ਹਿਦ ਮੱਖੀ ਪਾਲਕਾਂ ਨੂੰ ਕਿਸਾਨਾਂ, ਪੰਚਾਇਤਾਂ, ਸੋਸਾਇਟੀਆਂ ਅਤੇ ਗੈਰ-ਸਰਕਾਰੀ ਸੰਸਥਾਵਾਂ ਨਾਲ ਮਿਲ ਕੇ ਪਿੰਡਾਂ ਵਿੱਚ, ਪਿੰਡ ਦੇ ਰਸਤੇ ਅਤੇ ਫਿਰਨੀ ਤੇ ਉਹ ਦਰੱਖਤ ਅਤੇ ਬੂਟੇ ਲਗਾਉਣੇ ਚਾਹੀਦੇ ਹਨ ਜਿਨ੍ਹਾਂ ਤੋਂ ਸ਼ਹਿਦ ਮੱਖੀਆਂ ਨੂੰ ਖਾਸ ਤੌਰ ਤੇ ਖੁਰਾਕ ਦੀ ਘਾਟ ਸਮੇਂ ਨੈਕਟਰ ਅਤੇ ਪੋਲਣ ਮਿਲਦਾ ਹੋਵੇ। ਅਜਿਹਾ ਕਰਕੇ ਸ਼ਹਿਦ ਮੱਖੀ ਪਾਲਣ ਤੋਂ ਆਮਦਨ ਨੂੰ ਵਧਾਇਆ ਜਾ ਸਕਦਾ ਹੈ।

# ਬੈਕਯਾਰਡ ਪ੍ਰਣਾਲੀ ਵਿੱਚ ਪੰਛੀਆਂ ਤੋਂ ਵਧੇਰੇ ਅੰਡੇ ਉਤਪਾਦਨ ਲਈ ਨੁਕਤੇ

ਸਤਬੀਰ ਸਿੰਘ ਅਤੇ ਅਪਰਨਾ, ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ

**1. ਸਹੀ ਉਮਰ** : ਉਮਰ ਵਧਣ ਨਾਲ ਪੰਛੀਆਂ ਦੀ ਉਤਪਾਦਨ ਸਮਰਥਾ ਘਟਦੀ ਜਾਂਦੀ ਹੈ। ਪਹਿਲੇ ਅਤੇ ਦੂਜੇ ਸਾਲ ਵਿਚ ਮੁਰਗੀਆਂ ਦਾ ਅੰਡਾ ਉਤਪਾਦਨ ਸਭ ਨਾਲੋਂ ਵੱਧ ਹੁੰਦਾ ਹੈ ਅਤੇ ਤੀਜੇ ਸਾਲ ਪੰਛੀਆਂ ਦਾ ਉਤਪਾਦਨ ਕਾਫੀ ਘੱਟ ਜਾਂਦਾ ਹੈ। ਇਸ ਲਈ ਜ਼ਰੂਰੀ ਹੈ ਕਿ ਹਰ ਸਾਲ ਨਵੇਂ ਪੰਛੀ ਫਲੌਕ ਵਿਚ ਪਾਏ ਜਾਣ ਤਾਂ ਜੋ ਲਗਾਤਾਰ ਅੰਡਿਆਂ ਦਾ ਉਤਪਾਦਨ ਹੁੰਦਾ ਰਹੇ।



**2. ਸਹੀ ਨਸਲ ਦੀ ਚੋਣ** : ਚੋਣ ਕਰਨ ਵੇਲੇ ਵਧੇਰੇ ਅੰਡੇ ਦੇਣ ਵਾਲੀਆਂ ਨਸਲਾਂ ਨੂੰ ਤਰਜੀਹ ਦਿਓ। ਬੈਕਯਾਰਡ ਸਿਸਟਮ ਲਈ ਵੀ ਕੁੱਝ ਨਸਲਾਂ ਅਜਿਹੀਆਂ ਹਨ ਜੋ ਕਿ ਪ੍ਰਤੀ ਸਾਲ 150-200 ਦੇ ਕਰੀਬ ਅੰਡੇ ਦੇ ਸਕਦੀਆਂ ਹਨ ਜਿਵੇਂ ਕਿ ਆਰ ਆਈ ਆਰ ਅਤੇ ਚਾਬਰੋ। ਪੰਛੀ ਕਿਸੇ ਵਧੀਆ ਹੈਚਰੀ ਜਾਂ ਗਡਵਾਸੂ ਲੁਧਿਆਣਾ, ਸੀ. ਪੀ. ਡੀ. ਓ. ਚੰਡੀਗੜ੍ਹ ਤੋਂ ਹੀ ਖਰੀਦੋ।

**3. ਤਣਾਅ ਘਟਾਉਣਾ** : ਤਣਾਅ ਵਿਚ ਰਹਿਣ ਵਾਲੇ ਪੰਛੀ ਆਪਣੀ ਸਰੀਰਕ ਊਰਜਾ ਦਾ ਇੱਕ ਵੱਡਾ ਹਿੱਸਾ ਉਸ ਵਿੱਚੋਂ ਨਿਕਲਣ ਲਈ ਵਰਤ ਲੈਂਦੇ ਹਨ ਅਤੇ ਫਲਸਰੂਪ ਅਜਿਹੇ ਪੰਛੀ ਪੂਰਾ ਉਤਪਾਦਨ ਨਹੀਂ ਦੇ ਸਕਦੇ। ਇਹ ਸੁਨਿਸ਼ਚਿਤ ਕਰੋ ਕਿ ਪੰਛੀ ਆਪਣੇ ਵਾੜੇ ਵਿਚ ਸੁਰੱਖਿਅਤ ਅਤੇ ਆਜ਼ਾਦ ਮਹਿਸੂਸ ਕਰਨ। ਬਿੱਲੀਆਂ ਅਤੇ ਕੁੱਤਿਆਂ ਨੂੰ ਦੂਰ ਰੱਖੋ। ਆਮ ਤੌਰ ‘ਤੇ, ਜੇਕਰ ਪੰਛੀਆਂ ਦਾ ਖੁਰਾਕ ਆਦਿ ਦਾ ਇੱਕ ਨਿਯਮਿਤ ਰੂਟੀਨ ਹੋਵੇ ਤਾਂ ਉਹ ਵੀ ਅਰਾਮਦੇਹ ਮਹਿਸੂਸ ਕਰਦੇ ਹਨ।

**4. ਸਾਫ ਪਾਣੀ ਦੇਣਾ** : ਪੰਛੀਆਂ ਦੇ ਸਰੀਰ ਵਿਚ 70% ਪਾਣੀ ਹੁੰਦਾ ਹੈ। ਉਹਨਾਂ ਨੂੰ ਆਪਣੀਆਂ ਸਰੀਰਕ ਲੋੜਾਂ ਪੂਰੀਆਂ ਕਰਨ ਲਈ ਹਰ ਰੋਜ਼ ਸਾਫ, ਤਾਜ਼ੇ ਪਾਣੀ ਦੀ ਲੋੜ ਹੁੰਦੀ ਹੈ। ਮੁਰਗੀਆਂ ਖੁਰਾਕ ਦੀ ਕਮੀ ਨਾਲੋਂ ਪਾਣੀ ਦੀ ਕਮੀ ਨਾਲ ਵਧੇਰੇ ਤਣਾਅ ਵਿਚ ਆ ਜਾਂਦੀਆਂ ਹਨ। ਜੇਕਰ ਮੁਰਗੀਆਂ ਡੀਹਾਈਡ੍ਰੇਟ ਹੋ ਜਾਂਦੀਆਂ ਹਨ ਤਾਂ ਉਹ ਅੰਡੇ ਨਹੀਂ ਦਿੰਦੀਆਂ।

**5. ਕੁਆਲਿਟੀ ਫੀਡ** : ਪੂਰੇ ਉਤਪਾਦਨ ਨਹੀ ਚੰਗੀ-ਗੁਣਵੱਤਾ ਵਾਲੀ ਖੁਰਾਕ ਦੇਣ ਦੀ ਲੋੜ ਹੈ। ਜੇਕਰ ਖੁਰਾਕ ਵਿਚ ਪ੍ਰੋਟੀਨ, ਊਰਜਾ ਆਦਿ ਦੀ ਕਮੀ ਹੋਵੇ ਤਾਂ ਪੂਰਾ ਉਤਪਾਦਨ ਨਹੀਂ ਲਿਆ ਜਾ ਸਕਦਾ। ਮੁਰਗੀਆਂ ਆਪਣੇ ਸਰੀਰ ਵਿਚ ਇਹਨਾਂ ਵਿੱਚੋਂ ਕੁੱਝ ਅਮੀਨੋ ਐਸਿਡ ਬਣਾ ਸਕਦੇ ਹਨ ਪਰ ਬਾਕੀਆਂ ਦੀ ਜ਼ਰੂਰਤ ਪੂਰੀ ਕਰਨ ਲਈ ਪ੍ਰੋਟੀਨ ਭਰਪੂਰ ਖੁਰਾਕ ਦੇਣੀ ਜ਼ਰੂਰੀ ਹੈ। ਇਕੱਲੇ ਅਨਾਜ ਦਾ ਦਲੀਆ ਜਾਂ ਘਰੇਲੂ ਬੱਚ ਖੁੱਚ ਦੇਣ ਨਾਲ ਪੂਰਾ ਉਤਪਾਦਨ ਨਹੀਂ ਲਿਆ ਜਾ ਸਕਦਾ। ਅੰਡਾ ਉਤਪਾਦਨ ਕਰ ਰਹੇ ਪੰਛੀਆਂ ਨੂੰ ਲੇਅਰ ਫੀਡ ਦੇਣਾ ਜ਼ਰੂਰੀ ਹੈ।

**6. ਕੈਲਸ਼ੀਅਮ ਅਤੇ ਵਿਟਾਮਿਨ ਡੀ** : ਅੰਡੇ ਦਾ ਖੋਲ ਮੁੱਖ ਤੌਰ ‘ਤੇ ਕੈਲਸ਼ੀਅਮ ਕਾਰਬੋਨੇਟ ਦਾ ਬਣਿਆ ਹੁੰਦਾ ਹੈ। ਇੱਕ ਮੁਰਗੀ ਜਿਸ ਵਿਚ ਕੈਲਸ਼ੀਅਮ ਦੀ ਘਾਟ ਹੁੰਦੀ ਹੈ, ਉਹ ਨਰਮ ਖੋਲ ਵਾਲੇ ਜਾਂ ਖੋਲ ਰਹਿਤ ਅੰਡੇ ਦਿੰਦੀ ਹੈ। ਕੈਲਸ਼ੀਅਮ ਨੂੰ ਸਹੀ ਤਰੀਕੇ ਨਾਲ ਜਜ਼ਬ ਕਰਵਾਉਣ ਲਈ ਵਿਟਾਮਿਨ ਡੀ ਦੀ ਜ਼ਰੂਰਤ ਹੁੰਦੀ ਹੈ। ਵਿਟਾਮਿਨ ਡੀ ਦੀ ਘਾਟ ਨਾਲ ਕੈਲਸ਼ੀਅਮ ਦੀ ਘਾਟ ਆ ਜਾਂਦੀ ਹੈ ਅਤੇ ਅੰਡਿਆਂ ਦਾ ਉਤਪਾਦਨ ਘੱਟ ਜਾਂਦਾ ਹੈ। ਕੈਲਸ਼ੀਅਮ ਦੀ ਜ਼ਰੂਰਤ ਪੂਰੀ ਕਰਨ ਲਈ ਖੁਰਾਕ ਵਿਚ ਚੂਨਾ ਪੱਥਰੀ ਰਲਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

**7. ਖੁੱਲਾ ਰਿਹਾਇਸ਼ੀ ਪ੍ਰਬੰਧ** : ਮੁਰਗੀਆਂ ਭੀੜ ਵਿਚ ਰਹਿਣਾ ਪਸੰਦ ਨਹੀਂ ਕਰਦੀਆਂ ਅਤੇ ਤਣਾਅ ਵਿਚ ਆ ਜਾਂਦੀਆਂ ਹਨ। ਭੀੜ ਦੇ ਤਣਾਅ ਕਾਰਨ ਪੰਛੀਆਂ ਨੂੰ ਸਿਹਤ ਅਤੇ ਵਿਵਹਾਰ ਸੰਬੰਧੀ ਸਮੱਸਿਆਵਾਂ ਹੋ ਸਕਦੀਆਂ ਹਨ ਅਤੇ ਇੱਕ ਦੂਜੇ ਨੂੰ ਚੁੰਝਾਂ ਮਾਰਨਾ ਖੰਭ ਤੋੜਨਾ, ਅੰਡੇ ਖਾਣਾ ਆਦਿ ਵਿਕਾਰ ਆ ਸਕਦੇ ਹਨ।

**8. ਰੌਸ਼ਨੀ ਦਾ ਪ੍ਰਬੰਧ** : ਅੰਡਾ ਉਤਪਾਦਨ ਲਈ ਮੁਰਗੀਆਂ ਨੂੰ 14 ਘੰਟੇ ਦੀ ਦਿਨ ਦੀ ਰੌਸ਼ਨੀ ਚਾਹੀਦੀ ਹੁੰਦੀ ਹੈ। ਸਰਦੀਆਂ ਵਿਚ ਰੌਸ਼ਨੀ ਦਾ ਅੰਤਰਾਲ ਘਟਣ ਕਾਰਨ ਅੰਡਿਆਂ ਦਾ ਉਤਪਾਦਨ ਘਟਣਾ ਸੁਭਾਵਕ ਹੈ। ਵਧੇਰੇ ਅੰਤਰਾਲ ਦੀ ਰੌਸ਼ਨੀ ਨਾਲ ਵਧੇਰੇ ਅੰਡਾ ਉਤਪਾਦਨ ਹੁੰਦਾ ਹੈ।

**9. ਸ਼ੈੱਡ ਵਿਚ ਸਫਾਈ ਦਾ ਪ੍ਰਬੰਧ** : ਗੰਦੀ ਥਾਂ ਤੇ ਰਹਿਣ ਨਾਲ ਪੰਛੀ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਸਕਦੇ ਹਨ ਇਸ ਲਈ ਜੇਕਰ ਉਹਨਾਂ ਨੂੰ ਛੋਟੀ ਥਾਂ ਤੇ ਵੀ ਰੱਖਿਆ ਜਾਂਦਾ ਹੈ ਤਾਂ ਉਹ ਵੀ ਸਾਫ ਅਤੇ ਹਵਾਦਾਰ ਹੋਣੀ ਚਾਹੀਦੀ ਹੈ।

**10. ਪਰਜੀਵੀਆਂ ਦਾ ਸੰਕਰਮਣ** : ਬਾਹਰੀ ਪਰਜੀਵੀ ਜਿਵੇਂ ਕਿ ਜੂੰਆਂ ਆਦਿ ਨਾ ਸਿਰਫ ਕੱਟਣ ਅਤੇ ਚਮੜੀ ਦੀ ਜਲਣ ਦੁਆਰਾ ਪੰਛੀਆਂ ਨੂੰ ਪਰੇਸ਼ਾਨ ਕਰਦੇ ਹਨ ਬਲਕਿ ਕਈ ਬੀਮਾਰੀਆਂ ਦਾ ਕਾਰਨ ਵੀ ਬਣਦੇ ਹਨ। ਨਿਯਮਿਤ ਸਿਹਤ ਜਾਂਚ ਕਰਵਾ ਕੇ, ਇਹਨਾਂ ਸਾਰੀਆਂ ਸਮੱਸਿਆਵਾਂ ਨੂੰ ਕਾਬੂ ਵਿਚ ਰੱਖਿਆ ਜਾ ਸਕਦਾ ਹੈ।

**11. ਮੋਲਟਿੰਗ ਦੌਰਾਨ ਸਹਾਇਤਾ** : ਮੋਲਟਿੰਗ ਮੁਰਗੀਆਂ ਲਈ ਇਕ ਸਰੀਰਕ ਤਣਾਅ ਦਾ ਸਮਾਂ ਹੈ। ਇਸ ਦੌਰਾਨ ਪੰਛੀ ਆਪਣੇ ਪੁਰਾਣੇ ਖੰਭਾਂ ਨੂੰ ਗੁਆ ਰਹੇ ਹੁੰਦੇ ਹਨ ਅਤੇ ਫਿਰ ਨਵੇਂ ਖੰਭ ਆਉਂਦੇ ਹਨ। ਆਉਣ ਵਾਲੇ ਨਵੇਂ ਖੰਭਾਂ ਨਾਲ ਖੂਨ ਅਤੇ ਨਸਾਂ ਦੀ ਸਪਲਾਈ ਵੀ ਵੱਧ ਜਾਂਦੀ ਹੈ ਜਿਸ ਕਾਰਨ ਉਹ ਛੂਹਣ ਪ੍ਰਤੀ ਬਹੁਤ ਹੀ ਸੰਵੇਦਨਸ਼ੀਲ ਹੁੰਦੇ ਹਨ। ਮੋਲਟਿੰਗ ਨੂੰ ਰੋਕਿਆ ਨਹੀਂ ਜਾ ਸਕਦਾ ਪਰ ਢੁੱਕਵੀਂ ਖੁਰਾਕ ਅਤੇ ਸਾਂਭ ਸੰਭਾਲ ਨਾਲ ਪੰਛੀਆਂ ਦੀ ਸਰੀਰਕ ਤਕਲੀਫ ਨੂੰ ਘਟਾਇਆ ਜਾ ਸਕਦਾ ਹੈ। ਮੋਲਟਿੰਗ ਦੇ ਦੌਰਾਨ ਉਹਨਾਂ ਦੇ ਖੁਰਾਕੀ ਪ੍ਰੋਟੀਨ ਦੀ ਮਾਤਰਾ ਨੂੰ 20% ਤੋਂ 22% ਤੱਕ ਵਧਾਉਣ ਦੀ ਅਤੇ ਉਪਯੁਕਤ ਵਿਟਾਮਿਨ ਸਪਲੀਮੈਂਟ ਦੇਣ ਦੀ ਜ਼ਰੂਰਤ ਹੋਏਗੀ।

**12. ਬਿਮਾਰੀਆਂ ਤੋਂ ਬਚਾਅ** : ਪੰਛੀਆਂ ਨੂੰ ਲੱਗੀ ਲਾਗ ਵਾਲੀ ਜਾਂ ਬਿਨਾਂ ਲਾਗ ਵਾਲੀ ਬੀਮਾਰੀ ਕਾਰਨ ਅੰਡੇ ਦੇ ਰਹੀਆਂ ਮੁਰਗੀਆਂ ਦਾ ਉਤਪਾਦਨ ਪ੍ਰਭਾਵਿਤ ਹੁੰਦਾ ਹੈ। ਇਸ ਲਈ ਬੀਮਾਰੀਆਂ ਦੀ ਰੋਕਥਾਮ ਲਈ ਮਲੱਪਾਂ ਦੀ ਦਵਾਈ, ਸ਼ੈੱਡ ਨੂੰ ਸੰਕਰਮਣ ਰਹਿਤ ਕਰਨਾ (ਫਿਊਮੀਗੇਸ਼ਨ ਕਰਨਾ), ਟੀਕਾਕਰਣ ਆਦਿ ਕਿਰਿਆਵਾਂ ਨੇਮ ਨਾਲ ਕਰਨੀਆਂ ਅਤੀ ਜ਼ਰੂਰੀ ਹੈ।

# ਜ਼ਮਾਨਾ ਹੈ ਬਾਲਕੋਨੀ–ਵਿੰਡੋ ਬਾਗਬਾਨੀ ਦਾ

ਵਿੰਡੋ ਅਤੇ ਬਾਲਕੋਨੀ ਵਿਚ ਗਮਲਿਆਂ ਜ਼ਰੀਏ ਨਾ ਸਿਰਫ ਮੌਸਮੀ ਸਬਜ਼ੀਆ ਹੀ ਸਗੋਂ ਸਦਾਬਹਾਰ ਫੁੱਲਾਂ ਵਾਲੀਆਂ ਵੇਲਾਂ ਅਤੇ ਦਵਾਈ ਵਾਲੀਆਂ ਜੜ੍ਹੀਆਂ ਬੂਟੀਆਂ ਵੀ ਆਰਾਮ ਨਾਲ ਲਗਾਈਆਂ ਅਤੇ ਉਗਾਈਆਂ ਜਾ ਸਕਦੀਆਂ ਹਨ। ਇਸ ਲਈ ਖਿੜਕੀਆਂ ਅਤੇ ਬਾਲਕੋਨੀ ਦੀ ਥਾਂ ‘ਤੇ ਪੱਕੀ ਮਿੱਟੀ ਦੇ ਗਮਲੇ, ਬੈਰਲ ਅਤੇ ਟੱਬ ਸੌਖਿਆਂ ਹੀ ਰੱਖੇ ਜਾ ਸਕਦੇ ਹਨ। ਇਨ੍ਹਾਂ ਵਿਚ ਮੇਥੀ, ਧਨੀਆ, ਲਸਣ, ਟਮਾਟਰ, ਬੈਂਗਣ, ਮਿਰਚ ਅਤੇ ਅਜਵਾਈਨ ਵਰਗੀਆਂ ਸਬਜ਼ੀਆਂ ਅਤੇ ਮਸਾਲੇ ਉਗਾ ਸਕਦੇ ਹਾਂ। ਥੋੜ੍ਹੇ ਜਿਹੇ ਛੋਟੇ ਕੰਟੇਨਰਾਂ ਦੀ ਵਰਤੋਂ ਕਰਦੇ ਹੋਏ ਮਹੱਤਵਪੂਰਨ ਪੱਤੇਦਾਰ ਸਲਾਦ ਜਿਵੇਂ-ਲੇਟਸ ਆਦਿ ਨੂੰ ਵੀ ਉਗਾਇਆ ਜਾ ਸਕਦਾ ਹੈ। ਵੇਲਦਾਰ ਸਬਜ਼ੀਆਂ ਲਈ ਸੀਮੇਂਟ ਜਾਂ ਪਲਾਸਟਿਕ ਦੇ ਵੱਡੇ ਕੰਟੇਨਰ ਜਾਂ ਲੱਕੜੀ ਦੇ ਬੈਰਲ, ਬਾਕਸ ਜਾਂ ਪਲਾਸਟਿਕ ਦੇ ਗਰੋ ਬੈਗ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਨ੍ਹਾਂ ਕੰਟੇਨਰਾਂ ਵਿਚ ਘੱਟ ਤੋਂ ਘੱਟ ਇਕ ਜਾਂ ਦੋ ਸੁਰਾਖ ਹੋਣੇ ਚਾਹੀਦੇ ਹਨ, ਜਿਨ੍ਹਾਂ ਨਾਲ ਕਿ ਇਨ੍ਹਾਂ ਵਿਚ ਪਾਇਆ ਗਿਆ ਗੈਰ ਜ਼ਰੂਰੀ ਪਾਣੀ ਬਾਹਰ ਨਿਕਲ ਸਕੇ ਅਤੇ ਇਨ੍ਹਾਂ ਜ਼ਰੀਏ ਬੂਟਾ ਸਾਹ ਵੀਲੈ ਸਕੇ।

ਇਨ੍ਹਾਂ ਕੰਟੇਨਰਾਂ ਨੂੰ ਬਾਲਕੋਨੀ ਜਾਂ ਖਿੜਕੀ ਦੀ ਉਸ ਥਾਂ ‘ਤੇ ਰੱਖਿਆ ਜਾ ਸਕਦਾ ਹੈ, ਜਿੱਥੇ ਧੁੱਪ ਆਉਂਦੀ ਹੈ। ਜੇਕਰ ਤੁਹਾਡੇ ਕੋਲ ਕੋਈ ਇਸ ਤਰ੍ਹਾਂ ਦੀ ਥਾਂ ਹੈ, ਜਿਥੇ ਧੁੱਪ ਨਹੀਂ ਆਉਂਦੀ, ਤਾਂ ਉਥੇ ਟਿਊਬਲਾਈਟ ਦੀ ਰੌਸ਼ਨੀ ਦੀ ਧੁੱਪ ਦੀ ਤਰ੍ਹਾਂ ਵਰਤੋਂ ਕੀਤੀ ਜਾ ਸਕਦੀ ਹੈ। ਜੇਕਰ ਫਲੀਆਂ ਦੇ ਵੇਲਦਾਰ ਬੂਟਿਆਂ ਨੂੰ ਉਗਾਉਣਾ ਹੈ ਤਾਂ ਇਸ ਲਈ ਗਮਲੇ ਵਿਚ ਕੁਝ ਬਾਂਸ ਦੀਆਂ ਸੋਟੀਆਂ ਲਗਾਉਣੀਆਂ ਚਾਹੀਦੀਆਂ ਹਨ, ਤਾਂ ਕਿ ਉਹ ਵੇਲ ਨੂੰ ਸਹਾਰਾ ਦੇ ਸਕਣ। ਸਾਧਾਰਨ ਅਤੇ ਛੋਟੇ ਗਮਲਿਆਂ ਵਿਚ ਹਰ ਉਹ ਸਬਜ਼ੀ ਉਗਾਈ ਜਾ ਸਕਦੀ ਹੈ, ਜਿਸ ਦੀ ਸਬਜ਼ੀ ਬਾਜ਼ਾਰ ਵਿਚ ਸਰਦੀਆਂ ਵਿਚ ਦੇਖਣ ਨੂੰ ਮਿਲਦੀ ਹੈ। ਉੱਗਣਾ ਜਾਂ ਉਨ੍ਹਾਂ ਦਾ ਫੁੱਲਣਾ-ਫਲਣਾ ਨਿਰਭਰ ਰਹਿੰਦਾ ਹੈ।



ਚੰਗੀ ਮਿੱਟੀ ਦੇ ਗੁਣ ਇਹ ਹਨ ਕਿ ਉਹ ਭੁਰਪੁਰੀ ਹੋਵੇ, ਉਸ ਵਿਚ ਮੋਟੀ ਰੇਤ ਅਤੇ ਗੋਹੇ ਦੀ ਖਾਦ ਬਰਾਬਰ ਮਾਤਰਾ ਵਿਚ ਹੋਵੇ, ਕੰਟੇਨਰਾਂ ਦੇ ਤਲੇ ਹੇਠ ਪੱਥਰ ਦੇ ਟੁਕੜੇ ਅਤੇ ਬਜਰੀ ਦੀ ਤਹਿ ਬਿਛਾਈ ਗਈ ਹੋਵੇ ਤਾਂ ਕਿ ਬੂਟੇ ਨੂੰ ਜ਼ਰੂਰੀ ਸਾਹ ਮਿਲਦਾ ਰਹੇ ਅਤੇ ਗਮਲੇ ਦਾ ਗੈਰ ਜ਼ਰੂਰੀ ਪਾਣੀ ਵੀ ਬਾਹਰ ਨਿਕਲ ਸਕੇ ਅਤੇ ਹਾਂ, ਕੋਈ ਵੀ ਗਮਲਾ ਬਿਲਕੁਲ ਉੱਪਰ ਤੱਕ ਮਿੱਟੀ ਨਾਲ ਭਰਿਆ ਨਹੀਂ ਹੋਣਾ ਚਾਹੀਦਾ, ਉਹ ਘੱਟ ਤੋਂ ਘੱਟ ਇਕ ਉਂਗਲ ਖਾਲੀ ਹੋਣਾ ਚਾਹੀਦਾ, ਤਾਂ ਕਿ ਜਦੋਂ ਪਾਣੀ ਪਾਈਏ ਤਾਂ ਗਮਲੇ ਵਿਚ ਚੰਗੇ ਢੰਗ ਨਾਲ ਪਾਣੀ ਪਾਇਆ ਪਾ ਸਕੇ। ਯਾਦ ਰੱਖੋ ਕੰਟੇਨਰਾਂ ਵਿਚ ਲੱਗੇ ਬੂਟੇ ਨੂੰ ਜ਼ਮੀਨ ਦੇ ਮੁਕਾਬਲੇ ਜ਼ਿਆਦਾ ਦੇਖਭਾਲ ਦੀ ਜ਼ਰੂਰਤ ਹੁੰਦੀ ਹੈ। ਇਨ੍ਹਾਂ ਨੂੰ ਜ਼ਿਆਦਾ ਪਾਣੀ ਦੇਣਾ ਪੈਂਦਾ ਹੈ। ਬਰਸਾਤ ਦੇ ਦਿਨਾਂ ਵਿਚ ਵਾਰ-ਵਾਰ ਇਨ੍ਹਾਂ ਵਿਚ ਭਰਿਆ ਵਾਧੂ ਪਾਣੀ ਕੱਢਣਾ ਪੈਂਦਾ ਹੈ ਅਤੇ ਧੁੱਪ ਨਾ ਮਿਲ ਰਹੀ ਹੋਵੇ ਤਾਂ ਇਨ੍ਹਾਂ ਨੂੰ ਥਾਂ ਬਦਲ ਕੇ ਧੁੱਪ ਦਿਖਾਉਣੀ ਹੁੰਦੀ ਹੈ।

ਗਮਲਿਆਂ ਵਿਚ ਬੂਟੇ ਲਗਾਉਂਦੇ ਸਮੇਂ ਜਾਂ ਬੂਟੇ ਦਾ ਬੀਜ ਮਿੱਟੀ ਵਿਚ ਦਬਾਉਂਦੇ ਸਮੇਂ ਉੱਪਰ 5 ਤੋਂ 10 ਗ੍ਰਾਮ ਯੂਰੀਆ ਦੀ ਤਹਿ ਹੋਣੀ ਚਾਹੀਦੀ ਹੈ। ਬੀਜਣ ਤੋਂ ਤਿੰਨ ਹਫਤਿਆਂ ਬਾਅਦ ਜਾਂ ਬੀਜਣ ਤੋਂ ਦੋ ਹਫਤਿਆਂ ਬਾਅਦ ਫਿਰ ਤੋਂ ਯੂਰੀਆ ਦੇਣੀ ਚਾਹੀਦੀ ਹੈ ਅਤੇ ਹਰ ਹਫਤੇ ਇਕ ਵਾਰ ਖਾਦ ਦਾ ਛਿੜਕਾਅ ਜ਼ਰੂਰੀ ਹੁੰਦਾ ਹੈ, ਤਾਂ ਹੀ ਮਿੱਟੀ ਵਿਚ ਲਗਾਤਾਰ ਤਾਕਤ ਰਹਿੰਦੀ ਹੈ ਅਤੇ ਗਮਲੇ ਵਿਚ ਲੱਗਿਆ ਬੂਟਾ ਸਿਹਤਮੰਦ, ਹਰਾ ਅਤੇ ਫਲਦਾ-ਫੁੱਲਦਾ ਰਹਿੰਦਾ ਹੈ।



ਇਨ੍ਹਾਂ ਬੂਟਿਆਂ ਨੂੰ ਵੀ ਕੀੜੇ ਲੱਗ ਜਾਂਦੇ ਹਨ, ਇਸ ਲਈ ਜੇਕਰ ਰਸਾਇਣਕ ਕੀਟਨਾਸ਼ਕ ਦੀ ਵਰਤੋਂ ਨਾ ਵੀ ਕਰਨੀ ਹੋਵੇ ਤਾਂ ਵੀ ਜੈਵਿਕ ਕੀਟਨਾਸ਼ਕਾਂ ਦੀ ਵਰਤੋਂ ਤਾਂ ਕਰਨੀ ਹੀ ਪਵੇਗੀ। ਇਸ ਲਈ ਥੋੜ੍ਹੀ ਜਾਣਕਾਰੀ ਹਾਸਿਲ ਕਰ ਕੇ ਇਸ ਨੂੰ ਘਰ ਵਿਚ ਵੀ ਬਣਾਇਆ ਜਾ ਸਕਦਾ ਹੈ ਅਤੇ ਬਾਜ਼ਾਰ ਤੋਂ ਵੀ ਸੌਖਿਆਂ ਹਾਸਿਲ ਕੀਤੀ ਜਾ ਸਕਦੀ ਹੈ।

ਫਿਲਹਾਲ ਜੇਕਰ ਤੁਸੀਂ ਬਾਗਬਾਨੀ ਦਾ ਸ਼ੌਕ ਰੱਖਦੇ ਹੋ ਅਤੇ ਤੁਹਾਡੇ ਘਰ ਵਿਚ ਬਾਗਬਾਨੀ ਲਈ ਨਾ ਤਾਂ ਜ਼ਮੀਨ ਹੈ ਅਤੇ ਨਾ ਹੀ ਤੁਹਾਡੀ ਆਪਣੀ ਛੱਤ ਹੈ ਤਾਂ ਵੀ ਬਾਲਕੋਨੀ ਅਤੇ ਖਿੜਕੀ ਵਾਲੀ ਥਾਂ ਦੀ ਵਰਤੋਂ ਕਰਦੇ ਹੋਏ ਤੁਸੀਂ ਆਪਣੀ ਬਾਗਬਾਨੀ ਦਾ ਸ਼ੌਕ ਪੂਰਾ ਕਰ ਸਕਦੇ ਹੋ ਅਤੇ ਘਰ ਲਈ ਉਪਯੋਗੀ ਦਵਾਈ ਵਾਲੀਆਂ ਜੜ੍ਹੀਆਂ ਬੂਟੀਆਂ ਅਤੇ ਸਬਜ਼ੀਆਂ ਵੀ ਉਗਾ ਸਕਦੇ ਹੋ। ਜੇਕਰ ਤੁਹਾਡੇ ਕੋਲ 8×10 ਜਾਂ 12×14 ਫੁੱਟ ਦੀ ਬਾਲਕੋਨੀ ਹੈ। ਉਦੋਂ ਤਾਂ ਤੁਸੀਂ ਭਰਪੂਰ ਬਾਗਬਾਨੀ ਦਾ ਉਸ ਤਰ੍ਹਾਂ ਦਾ ਸ਼ੌਕ ਪੂਰਾ ਕਰ ਸਕਦੇ ਹੋ ਜਿਵੇਂ ਛੱਤ ‘ਤੇ ਬਗੀਚੀ ਦਾ ਅਨੰਦ ਮਾਣਦੇ ਹੋ।

ਅਨੂ ਆਰ.

**ਖੇਤੀ ਦੁਨੀਆਂ**
ਪੰਜਾਬੀ ਖੇਤੀਬਾੜੀ ਸਪਤਾਹਿਕ
**KHETI DUNIYAN**
An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ, ਪਟਿਆਲਾ
**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ, ਪਟਿਆਲਾ-147001
ਮੋਬਾਇਲ 90410-14575
ਈ-ਮੇਲ : khetiduniyan1983@gmail.com

**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।

Editor : **JAGPREET SINGH**, Printer, Publisher and Owner of Weekly **'KHETI DUNIYAN'** Printed at **Drishti Printers,** 484, Nagra Street, Natan Wali Gali,Backside Dashmesh Market, Near Sher-e-Punjab Market, Patiala-147001 (Pb.) and published from **Kheti Duniyan**, House No. 9-A, Ajit Nagar, Patiala-147001 (Pb.). RNI No.**PUNPUN00806**





# ਕਣਕ ਤੋਂ ਵਧੇਰੇ ਝਾੜ ਲੈਣ ਲਈ ਬਿਮਾਰੀਆਂ ਦੀ ਸਮੇਂ-ਸਿਰ ਰੋਕਥਾਮ ਜ਼ਰੂਰੀ

ਕ੍ਰਿਸ਼ਨ ਕੁਮਾਰ ਸ਼ਰਮਾ ਅਤੇ ਬਲਵਿੰਦਰ ਸਿੰਘ ਢਿੱਲੋਂ, ਖੇਤਰੀ ਖੋਜ ਕੇਂਦਰ, ਬੱਲੋਵਾਲ ਸੌਂਖੜੀ ।

### ਪੀਲੀ ਕੁੰਗੀ ਦੀ ਪਛਾਣ

ਪੱਤਿਆਂ 'ਤੇ ਲੰਮੀਆਂ ਧਾਰੀਆਂ ਦੇ ਰੂਪ 'ਚ ਪੀਲੇ ਧੱਬੇ ਦਿਖਾਈ ਦਿੰਦੇ ਹਨ, ਜਿਨ੍ਹਾਂ 'ਤੇ ਪੀਲਾ ਹਲਦੀਨੁਮਾ ਧੂੜਾ ਨਜ਼ਰ ਆਉਂਦਾ ਹੈ । ਪੀਲੀ ਕੁੰਗੀ ਦਾ ਹਮਲਾ ਨੀਮ ਪਹਾੜੀ ਇਲਾਕਿਆਂ 'ਚ ਸਭ ਤੋਂ ਪਹਿਲਾਂ ਹੁੰਦਾ ਹੈ । ਫਰਵਰੀ-ਮਾਰਚ ਦੌਰਾਨ ਤੇਜ਼ ਹਵਾਵਾਂ ਨਾਲ ਪੈਣ ਵਾਲੇ ਮੀਂਹ ਇਸ ਬਿਮਾਰੀ ਨੂੰ ਵਧਾਉਂਦੇ ਹਨ ।

**ਰੋਕਥਾਮ** : ਰੋਗ ਰਹਿਤ ਕਿਸਮਾਂ ਜਿਵੇਂ ਕਿ ਪੀ ਬੀ ਡਬਲਿਊ ਬਿਸਕੁਟ 1, ਪੀ ਬੀ ਡਬਲਿਊ ਜ਼ਿੰਕ 2, ਪੀ ਬੀ ਡਬਲਿਊ ਆਰ ਐਸ 1, ਪੀ ਬੀ ਡਬਲਿਊ 725, ਉੱਨਤ ਪੀ ਬੀ ਡਬਲਿਊ 550, ਪੀ ਬੀ ਡਬਲਿਊ 752, ਡਬਲਿਊ ਐੱਚ ਡੀ 943, ਪੀ ਡੀ ਡਬਲਿਊ 291 ਅਤੇ ਪੀ ਬੀ ਡਬਲਿਊ 660 ਬੀਜੋ ।

ਬਿਮਾਰੀ ਨਜ਼ਰ ਆਉਣ 'ਤੇ 300 ਗ੍ਰਾਮ ਤਾਕਤ 75 ਡਬਲਿਊ.ਪੀ. (ਕੈਪਟਾਨ + ਹੈਕਸਾਕੋਨਾਜ਼ੋਲ) ਜਾਂ 200 ਗ੍ਰਾਮ ਕੈਵੀਅਟ 25 ਡਬਲਿਊ. ਜੀ. (ਟੈਬੂਕੋਨਾਜ਼ੋਲ) ਜਾਂ 120 ਗ੍ਰਾਮ ਨਟੀਵੋ 75 ਡਬਲਿਊ ਜੀ (ਟ੍ਰਾਈਫਲੋਕਸੀਸਟ੍ਰੋਬਿਨ + ਟੈਬੂਕੋਨਾਜ਼ੋਲ) ਜਾਂ 200 ਮਿਲੀਲੀਟਰ ਐੱਪਿਕਟ ਐਕਸਟਰਾ (ਐਜ਼ੋਕਸੀਸਟ੍ਰੋਬਿਨ + ਸਾਈਪਰਾਕੋਨਾਜ਼ੋਲ) ਜਾਂ 200 ਮਿਲੀਲੀਟਰ ਉਪੇਰਾ 18.3 ਐੱਸ ਈ (ਪਾਈ ਰੈਕਲੋਸਟ੍ਰੋਬਿਨ+ਇਪੋਕਸੀਕੋਨਾਜ਼ੋਲ) ਜਾਂ 200 ਮਿਲੀਲੀਟਰ ਕਸਟੋਡੀਆ 320 ਐੱਸ ਸੀ. (ਐਜ਼ੋਕਸੀਸਟ੍ਰੋਬਿਨ +ਟੈਬੂਕੋਨਾਜ਼ੋਲ) ਜਾਂ 200 ਮਿਲੀਲੀਟਰ ਟਿਲਟ 25 ਈ. ਸੀ./ਸ਼ਾਈਨ 25 ਈ. ਸੀ./ਬੰਪਰ 25 ਈ. ਸੀ. / ਸਟਿਲਟ 25 ਈ. ਸੀ./ਕੰਪਾਸ 25 ਈ. ਸੀ. / ਮਾਰਕਜ਼ੋਲ 25 ਈਸੀ (ਪ੍ਰੋਪੀਕੋਨਾਜ਼ੋਲ) ਨੂੰ 200 ਲਿਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ । ਲੋੜ ਪੈਣ 'ਤੇ ਇਹ ਛਿੜਕਾਅ ਫਿਰ ਦੁਹਰਾਓ ਤਾਂ ਜੋ ਟੀਸੀ ਵਾਲਾ ਪੱਤਾ ਬਿਮਾਰੀ ਰਹਿਤ ਰਹੇ ।

### ਭੂਰੀ ਕੁੰਗੀ ਦੀ ਪਛਾਣ

ਗੋਲ ਸੰਤਰੀ ਰੰਗ ਦੇ ਧੱਬੇ ਜੋ ਕਿ ਬੇਤਰਤੀਬੇ ਜਾਂ ਇਕੱਠੇ ਹੁੰਦੇ ਹਨ, ਪੱਤਿਆਂ 'ਤੇ ਪੈ ਜਾਂਦੇ ਹਨ, ਜਿਨ੍ਹਾਂ 'ਤੇ ਸੰਤਰੀ ਰੰਗਾ ਧੂੜਾ ਨਜ਼ਰ ਆਉਂਦਾ ਹੈ ।

**ਰੋਕਥਾਮ** : ਰੋਗ ਰਹਿਤ ਕਿਸਮਾਂ ਜਿਵੇਂ ਕਿ ਪੀ ਬੀ ਡਬਲਿਊ ਜ਼ਿੰਕ 2, ਪੀ ਬੀ ਡਬਲਿਊ 824, ਪੀ ਬੀ ਡਬਲਿਊ-869, ਪੀ ਬੀ ਡਬਲਿਊ 803, ਡੀ ਬੀ ਡਬਲਿਊ 222, ਡੀ ਬੀ ਡਬਲਿਊ-187, ਉੱਨਤ ਪੀ ਬੀ ਡਬਲਿਊ-550, ਐਚ ਡੀ 3226, ਪੀ ਬੀ ਡਬਲਿਊ-771, ਪੀ ਬੀ ਡਬਲਿਊ-757 ਡਬਲਿਊ ਐੱਚ ਡੀ 943, ਪੀ ਡੀ ਡਬਲਿਊ 291 ਅਤੇ ਪੀ ਬੀ ਡਬਲਿਊ 660 ਬੀਜੋ ।

ਬਿਮਾਰੀ ਨਜ਼ਰ ਆਉਣ 'ਤੇ 200 ਮਿਲੀਲੀਟਰ ਟਿਲਟ 25 ਈ. ਸੀ./ਸ਼ਾਈਨ 25 ਈ. ਸੀ./ਬੰਪਰ 25 ਈ. ਸੀ./ਸਟਿਲਟ 25 ਈ. ਸੀ./ਕੰਪਾਸ 25 ਈ. ਸੀ./ਮਾਰਕਜ਼ੋਲ 25 ਈਸੀ (ਪ੍ਰੋਪੀਕੋਨਾਜ਼ੋਲ) ਨੂੰ 200 ਲਿਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ ।

### ਕਰਨਾਲ ਬੰਟ ਦੀ ਪਛਾਣ

ਇਸ ਬਿਮਾਰੀ ਨਾਲ ਸਿੱਟਿਆਂ 'ਚ ਕੁਝ ਦਾਣਿਆਂ ਦੇ ਹਿੱਸੇ 'ਤੇ ਅਸਰ ਹੁੰਦਾ ਹੈ । ਜੇਕਰ ਬਿਮਾਰੀ ਵਾਲੇ ਦਾਣਿਆਂ ਨੂੰ ਹੱਥਾਂ 'ਚ ਲੈ ਕੇ ਮਲਿਆ ਜਾਵੇ ਤਾ ਕਾਲੇ ਰੰਗ ਦੇ ਕਿਣਕੇ ਬਾਹਰ ਨਿਕਲਦੇਹਨ, ਜਿਨ੍ਹਾਂ ਦੀ ਭੈੜੀ ਦੁਰਗੰਧ ਹੁੰਦੀ ਹੈ ।

**ਰੋਕਥਾਮ** : ਰੋਗ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਜਿਵੇਂ ਕਿ ਡਬਲਿਊ ਐਚ ਡੀ-943 ਅਤੇ ਪੀ ਡੀ ਡਬਲਿਊ 291 ਬੀਜੋ ।

ਬੀਜ ਵਾਲੀ ਫਸਲ 'ਤੇ 200 ਮਿਲੀਲੀਟਰ ਟਿਲਟ 25 ਈ. ਸੀ (ਪ੍ਰੋਪੀਕੋਨਾਜ਼ੋਲ) ਨੂੰ ਸਿੱਟੇ ਨਿਕਲਣ ਵੇਲੇ 200 ਲਿਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਇਕ ਛਿੜਕਾਅ ਕਰੋ ।

### ਕਾਂਗਿਆਰੀ ਦੀ ਪਛਾਣ

ਇਸ ਬਿਮਾਰੀ ਦਾ ਅਸਰ ਉਸ ਵੇਲੇ ਦਿਸਦਾ ਹੈ, ਜਦੋਂ ਸਿੱਟਿਆਂ 'ਚ ਦਾਣੇ ਬਣ ਰਹੇ ਹੁੰਦੇ ਹਨ । ਦਾਣਿਆਂ ਦੇ ਅੰਦਰ ਕਾਲਾ ਜਿਹਾ ਧੂੜਾ ਬਣ ਜਾਂਦਾ ਹੈ, ਜੋ ਕਿ ਹਲਕੇ ਝਟਕੇ, ਹਵਾ ਜਾਂ ਮੀਂਹ ਦੇ ਛਿੱਟੇ ਨਾਲ ਉੱਡ ਜਾਂਦਾ ਹੈ ।

### ਪੱਤਿਆਂ ਦੀ ਕਾਂਗਿਆਰੀ ਦੀ ਪਛਾਣ

ਪੱਤਿਆਂ ਦੇ ਉੱਪਰ ਸਲੇਟੀ ਜਾਂ ਕਾਲੇ ਰੰਗ ਦੀ ਧਾਰੀਆਂ ਬਣ ਜਾਂਦੀਆਂ ਹਨ, ਜਿਨ੍ਹਾਂ ਨੂੰ ਫਟਣ ਤੋਂ ਕਾਲੇ ਜਿਹੇ ਕਣ (ਉੱਲੀ ਦੇ ਬਿਜਾਣੂ) ਨਿਕਲ ਪੈਂਦੇ ਹਨ । ਬਿਮਾਰੀ ਵਾਲੇ ਪੱਤੇ ਘੁਰਣ-ਮੁਰਣ ਜਾਂਦੇ ਹਨ । ਪੌਦੇ ਦਾ ਆਕਾਰ ਘੱਟ ਜਾਂਦਾ ਹੈ ।

**ਰੋਕਥਾਮ** : ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਲਈ ਰੋਗ ਰਹਿਤ ਕਿਸਮਾਂ ਜਿਵੇਂ ਕਿ ਡਬਲਿਊ ਐਚ ਡੀ-943 ਅਤੇ ਪੀ ਡੀ ਡਬਲਿਊ 291 ਬੀਜੋ ।

ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਲਈ ਬਿਜਾਈ ਤੋਂ ਪਹਿਲਾਂ ਬੀਜ ਨੂੰ ਸਿਫਾਰਸ਼ ਕੀਤੇ ਉੱਲੀ ਨਾਸ਼ਕਾਂ ਜਿਵੇਂ ਕਿ 13 ਮਿ.ਲੀ. ਰੈਕਸਿਲ ਈਜੀ/ਔਰਿਅਸ 6 ਐੱਫ ਐਸ (ਟੈਬੂਕੋਨਾਜ਼ੋਲ) ਨੂੰ 400 ਮਿਲੀਲੀਟਰ ਪਾਣੀ 'ਚ ਘੋਲ ਕੇ ਜਾਂ 120 ਗ੍ਰਾਮ ਵਿਟਾਵੈਕਸ 75 ਪਾਵਰ 75 ਡਬਲਿਊ ਐਸ (ਕਾਰਬੋਕਸਿਨ + ਟੈਟਰਾਮਿਥਾਇਲ ਥਾਇਰਸ ਡਾਈਸਲਫਾਇਡ) ਜਾਂ 80 ਗ੍ਰਾਮ ਵਿਟਾਵੈਕਸ 75 ਡਬਲਯੂ ਪੀ (ਕਾਰਬੋਕਸਿਨ) ਜਾਂ 40 ਗ੍ਰਾਮ ਸੀਡੈਕਸ 2 ਡੀ. ਐੱਸ./ਐਕਸਜ਼ੋਲ 2 ਡੀ ਐੱਸ (ਟੈਬੂਕੋਨਾਜ਼ੋਲ) ਪ੍ਰਤੀ 40 ਕਿਲੋ ਬੀਜ ਦੀ ਦਰ ਅਨੁਸਾਰ ਸੋਧੋ ।

ਕਾਂਗਿਆਰੀ ਦੀ ਰੋਕਥਾਮ ਲਈ ਮਈ-ਜੂਨ ਦੇ ਮਹੀਨੇ ਕਣਕ ਦੇ ਬੀਜ ਨੂੰ ਖੂਬ ਧੁੱਪ ਵਾਲੇ ਦਿਨ ਸਵੇਰੇ 8 ਵਜੇ ਤੋਂ ਲੈ ਕੇ ਦੁਪਹਿਰ ਦੇ 12 ਵਜੇ ਤੱਕ ਆਮ ਪਾਣੀ 'ਚ ਭਿਉਂ ਕੇ ਰੱਖੋ । ਬਾਅਦ 'ਚ ਇਸ ਬੀਜ ਦੀ ਪਤਲੀ ਤਹਿ ਪੱਕੇ ਫਰਸ਼, ਚਟਾਈਆਂ ਜਾਂ ਤਰਪਾਲਾਂ ਉੱਪਰ ਵਿਛਾ ਕੇ ਅਤੇ ਧੁੱਪ 'ਚ ਸੁੱਕਾ ਕੇ ਖੁਸ਼ਕ ਥਾਂ 'ਤੇ ਰੱਖੋ ।

ਪੱਤਿਆਂ ਦੀ ਕਾਂਗਿਆਰੀ ਦੀ ਰੋਕਥਾਮ ਲਈ ਡੂੰਘੀ ਬਿਜਾਈ ਨਾ ਕਰੋ । ਬਿਮਾਰੀ ਵਾਲੇ ਬੂਟਿਆਂ ਨੂੰ ਪੁੱਟ ਕੇ ਉਨ੍ਹਾਂ ਦਾ ਨਾਸ਼ ਕਰ ਦਿਓ ।

---



ਭਗਵਾਨ ਦਾਸ

## ਕਿਸਾਨਾਂ ਤੇ ਵਿਗਿਆਨੀਆਂ ਦੇ ਸੰਵਾਦ ਦਾ ਜ਼ਰੀਆ ਬਣਨ

# ਕਿਸਾਨ ਮੇਲੇ



| | | |
|---|---|---|
| ਪੂਸਾ, ਨਵੀਂ ਦਿੱਲੀ | : | 25 ਤੋਂ 27 ਫ਼ਰਵਰੀ |
| ਰੱਖੜਾ, ਪਟਿਆਲਾ | : | 17 ਮਾਰਚ |
| ਪੀ. ਏ. ਯੂ. ਲੁਧਿਆਣਾ | : | 20 ਤੇ 21 ਮਾਰਚ |

ਹਰ ਵਾਰ ਹਾੜ੍ਹੀ-ਸਾਉਣੀ ਤੋਂ ਪਹਿਲਾਂ ਲਾਏ ਜਾਂਦੇ ਕਿਸਾਨ ਮੇਲਿਆਂ ਤੇ ਕੈਂਪਾਂ ਵਿੱਚ ਪੀ. ਏ. ਯੂ. ਲੁਧਿਆਣਾ, ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ (ਆਈ. ਸੀ. ਏ. ਆਰ) ਨਵੀਂ ਦਿੱਲੀ ਅਤੇ ਭਾਰਤੀ ਖੇਤੀਬਾੜੀ ਖੋਜ ਸੰਸਥਾ (ਆਈ. ਏ. ਆਰ. ਆਈ.) ਨਵੀਂ ਦਿੱਲੀ ਵਲੋਂ ਵਿਕਸਿਤ ਫ਼ਸਲਾਂ ਦੇ ਬੀਜ ਕਿਸਾਨਾਂ ਨੂੰ ਮੁਹੱਈਆ ਕਰਵਾਏ ਜਾਂਦੇ ਹਨ । ਇਸ ਵਾਰ ਕਿਸਾਨਾਂ ਨੂੰ ਸਾਉਣੀ ਦੀਆਂ ਫ਼ਸਲਾਂ ਸੰਬੰਧੀ ਜਾਣਕਾਰੀ ਤੇ ਬੀਜ ਦੇਣ ਲਈ ਆਈ. ਸੀ. ਏ. ਆਰ. ਤੇ ਆਈ. ਏ. ਆਰ. ਆਈ. ਵਲੋਂ ਤਿੰਨ ਰੋਜ਼ਾ ਕਿਸਾਨ ਮੇਲਾ 25 ਤੋਂ 27 ਫ਼ਰਵਰੀ ਤੱਕ ਦਿੱਲੀ ਵਿਖੇ ਆਯੋਜਿਤ ਕੀਤਾ ਜਾਵੇਗਾ । ਪੀ. ਏ. ਯੂ. ਕਿਸਾਨ ਮੇਲਿਆਂ ਦੀ ਸ਼ੁਰੂਆਤ 10 ਮਾਰਚ ਤੋਂ ਨਾਗ ਕਲਾਂ ਜਹਾਂਗੀਰ (ਅੰਮ੍ਰਿਤਸਰ) ਵਿਖੇ ਲਗਾਏ ਜਾ ਰਹੇ ਮੇਲੇ ਨਾਲ ਹੋ ਰਹੀ ਹੈ । ਫਿਰ 12 ਮਾਰਚ ਨੂੰ ਰੌਣੀ (ਪਟਿਆਲਾ), 14 ਮਾਰਚ ਨੂੰ ਬੱਲੋਵਾਲ ਸੌਂਖੜੀ (ਸ਼ਹੀਦ ਭਗਤ ਸਿੰਘ ਨਗਰ), 17 ਮਾਰਚ ਨੂੰ ਫ਼ਰੀਦਕੋਟ ਤੇ 24 ਮਾਰਚ ਨੂੰ ਬਠਿੰਡਾ ਵਿਖੇ ਕਿਸਾਨ ਮੇਲੇ ਲੱਗਣਗੇ । ਮੁੱਖ ਮੇਲਾ ਪੀ. ਏ. ਯੂ. ਕੈਂਪਸ ਲੁਧਿਆਣਾ ਵਿਖੇ 20 ਤੇ 21 ਮਾਰਚ ਨੂੰ ਲੱਗੇਗਾ । ਪੀ. ਏ. ਯੂ. ਵਲੋਂ ਆਖਰੀ ਕਿਸਾਨ ਮੇਲਾ 27 ਮਾਰਚ ਨੂੰ ਗੁਰਦਾਸਪੁਰ ਵਿਖੇ ਲਗਾਇਆ ਜਾਵੇਗਾ । ਪੰਜਾਬ ਯੰਗ ਫਾਰਮਰਜ਼ ਐਸੋਸੀਏਸ਼ਨ ਰੱਖੜਾ 17 ਮਾਰਚ ਨੂੰ ਆਈ. ਏ. ਆਰ. ਆਈ.-ਕੋਲੈਬੋਰੇਟਿਵ ਆਊਟਸਟੇਸ਼ਨ ਰਿਸਰਚ ਸੈਂਟਰ ਰੱਖੜਾ ਵਿਖੇ ਕਿਸਾਨ ਕੈਂਪ ਲਾ ਕੇ ਝੋਨੇ ਤੇ ਬਾਸਮਤੀ ਦੇ ਬੀਜ ਮੁਹੱਈਆ ਕਰੇਗਾ ਅਤੇ ਆਈ. ਏ. ਆਰ. ਆਈ. ਵਲੋਂ ਵਿਕਸਿਤ ਝੋਨੇ ਦੀਆਂ ਕਿਸਮਾਂ ਜਿਨ੍ਹਾਂ ਵਿੱਚ ਪੂਸਾ-2090 ਤੇ ਪੂਸਾ-1824 (ਪੂਸਾ-44 ਦੇ ਬਦਲ) ਅਤੇ ਪੂਸਾ ਬਾਸਮਤੀ-1509, ਪੂਸਾ ਬਾਸਮਤੀ-1885 ਤੇ ਪੂਸਾ ਬਾਸਮਤੀ-1401 ਕਿਸਮਾਂ ਦੇ ਬੀਜ ਵੀ ਸ਼ਾਮਿਲ ਹੋਣਗੇ । ਪੀ. ਏ. ਯੂ. ਵਲੋਂ ਕਿਸਾਨ ਮੇਲਿਆਂ ਵਿੱਚ ਪੀ. ਏ. ਯੂ. ਤੋਂ ਵਿਕਸਿਤ ਕਿਸਮਾਂ ਦੇ ਬੀਜ ਅਤੇ ਰੱਖੜਾ ਤੇ ਨਵੀਂ ਦਿੱਲੀ (ਪੂਸਾ) ਵਿਖੇ ਲੱਗ ਰਹੇ ਮੇਲਿਆਂ ਵਿੱਚ ਆਈ. ਸੀ. ਏ. ਆਰ.-ਆਈ. ਏ. ਆਰ. ਆਈ. ਤੋਂ ਵਿਕਸਿਤ ਕਿਸਮਾਂ ਦੇ ਬੀਜ ਕਿਸਾਨ ਖ਼ਰੀਦ ਸਕਣਗੇ ।

ਪੰਜਾਬ ਵਿੱਚ ਸਾਉਣੀ ਦੀ ਮੁੱਖ ਫ਼ਸਲ ਝੋਨਾ ਹੈ, ਜੋ ਬਾਸਮਤੀ ਸਣੇ 32 ਲੱਖ ਹੈਕਟੇਅਰ 'ਤੇ ਕਾਸ਼ਤ ਕੀਤੀ ਜਾਂਦੀ ਹੈ । ਅਮਰੀਕਾ ਨਾਲ ਹੋ ਰਹੇ ਸਮਝੌਤੇ ਤੋਂ ਬਾਅਦ ਬਾਸਮਤੀ ਉਤਪਾਦਕਾਂ ਨੂੰ ਬਿਹਤਰ ਕੀਮਤ ਮਿਲਣ ਦੀ ਸੰਭਾਵਨਾ ਹੈ । ਭਾਵੇਂ ਇਸ ਸਾਲ ਹੁਣ ਤੱਕ ਪਿਛਲੇ ਸਾਲ ਨਾਲੋਂ ਭਾਰਤ ਤੋਂ ਬਾਸਮਤੀ ਵੱਧ ਬਰਾਮਦ ਹੋ ਚੁੱਕੀ ਹੈ, ਪਰ ਹੁਣ ਅਮਰੀਕਾ ਤੇ ਹੋਰ ਦੇਸ਼ਾਂ ਨੂੰ ਵਧੇਰੇ ਬਰਾਮਦ ਕੀਤੇ ਜਾਣ ਨਾਲ ਇਸ ਵਿੱਚ ਹੋਰ ਇਜ਼ਾਫਾ ਹੋਣ ਦੀ ਸੰਭਾਵਨਾ ਹੈ । ਬਰਾਮਦ ਵਿੱਚ ਪੰਜਾਬ ਦਾ 40 ਫ਼ੀਸਦੀ ਤੱਕ ਯੋਗਦਾਨ ਹੈ । ਪੂਸਾ ਬਾਸਮਤੀ ਦੀਆਂ ਕਿਸਮਾਂ ਦੇ ਬੀਜ ਕਿਸਾਨ ਦਿੱਲੀ ਤੇ ਰੱਖੜਾ ਦੇ ਮੇਲਿਆਂ ਵਿੱਚ ਖ਼ਰੀਦ ਸਕਣਗੇ । ਪੀ. ਏ. ਯੂ. ਤੋਂ ਵਿਕਸਿਤ ਕਿਸਮਾਂ ਦੇ ਬੀਜ ਪੀ. ਏ. ਯੂ. ਦੇ ਮੇਲਿਆਂ ਵਿੱਚ ਖ਼ਰੀਦੇ ਜਾ ਸਕਣਗੇ ।

> **ਪੀ. ਏ. ਯੂ. ਵਲੋਂ ਕਿਸਾਨ ਮੇਲਿਆਂ ਵਿੱਚ ਪੀ. ਏ. ਯੂ. ਤੋਂ ਵਿਕਸਿਤ ਕਿਸਮਾਂ ਦੇ ਬੀਜ ਅਤੇ ਰੱਖੜਾ ਤੇ ਨਵੀਂ ਦਿੱਲੀ (ਪੂਸਾ) ਵਿਖੇ ਲੱਗ ਰਹੇ ਮੇਲਿਆਂ ਵਿੱਚ ਆਈ. ਸੀ. ਏ. ਆਰ.-ਆਈ. ਏ. ਆਰ. ਆਈ. ਤੋਂ ਵਿਕਸਿਤ ਕਿਸਮਾਂ ਦੇ ਬੀਜ ਕਿਸਾਨ ਖ਼ਰੀਦ ਸਕਣਗੇ**

ਇਨ੍ਹਾਂ ਕਿਸਾਨ ਮੇਲਿਆਂ ਤੇ ਕੈਂਪਾਂ ਦੀ ਬੜੀ ਅਹਿਮੀਅਤ ਹੈ, ਪਰ ਇਨ੍ਹਾਂ ਮੇਲਿਆਂ ਨੂੰ ਵਪਾਰਕ ਜਾਂ ਰਾਜਨੀਤਿਕ ਨਹੀਂ ਬਣਨ ਦੇਣਾ ਚਾਹੀਦਾ । ਪ੍ਰਬੰਧਕਾਂ ਨੂੰ ਇਨ੍ਹਾਂ ਮੇਲਿਆਂ ਵਿੱਚ ਕਿਸਾਨਾਂ ਤੇ ਵਿਗਿਆਨੀਆਂ ਦਾ ਸੰਪਰਕ ਵਧਾਉਣ 'ਤੇ ਜ਼ੋਰ ਦੇਣਾ ਚਾਹੀਦਾ ਹੈ । ਇਸ ਨਾਲ ਵਿਗਿਆਨੀਆਂ ਤੇ ਪ੍ਰਬੰਧਕਾਂ ਨੂੰ ਕਿਸਾਨਾਂ ਦੀ ਪ੍ਰਤੀਕਿਰਿਆ ਵੀ ਮਿਲੇਗੀ । ਇਨ੍ਹਾਂ ਮੇਲਿਆਂ ਵਿੱਚ ਲੱਗ ਰਹੀਆਂ ਨੁਮਾਇਸ਼ਾਂ ਵਿੱਚ ਵੀ ਸੁਧਾਰ ਲਿਆਉਣ ਦੀ ਲੋੜ ਹੈ । ਇਹ ਵਪਾਰਕ ਦੁਕਾਨਾਂ ਨਹੀਂ ਹੋਣੀਆਂ ਚਾਹੀਦੀਆਂ । ਇਸ ਵਿੱਚ ਸ਼ੱਕ ਨਹੀਂ ਕਿ ਮੇਲਿਆਂ ਤੇ ਕੈਂਪਾਂ ਵਿੱਚ ਖ਼ਰਚ ਪੂਰਾ ਕਰਨ ਲਈ ਪ੍ਰਬੰਧਕ ਨੁਮਾਇਸ਼ਾਂ ਲਈ ਉੱਚ ਕੀਮਤ 'ਤੇ ਸਟਾਲ ਬੁੱਕ ਕਰਦੇ ਹਨ, ਜਿੱਥੇ ਵਪਾਰੀ ਸਾਮਾਨ ਵੇਚਦੇ ਹਨ, ਜੋ ਕਿਸਾਨ ਆਗੂਆਂ ਅਨੁਸਾਰ ਮਿਆਰੀ ਤੇ ਵਿਗਿਆਨੀਆਂ ਵਲੋਂ ਸਿਫ਼ਾਰਸ਼ਸ਼ੁਦਾ ਨਹੀਂ ਹੁੰਦਾ ।

ਪੀ. ਏ. ਯੂ. ਤੋਂ ਸਨਮਾਨਿਤ ਅਤੇ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਨਾਲ 'ਕ੍ਰਿਸ਼ੀ ਕਰਮਨ ਪੁਰਸਕਾਰ' ਪ੍ਰਾਪਤ ਬਿਸ਼ਨਪੁਰ ਛੰਨਾ (ਪਟਿਆਲਾ) ਦਾ ਅਗਾਂਹਵਧੂ ਕਿਸਾਨ ਰਾਜਮੋਹਨ ਸਿੰਘ ਕਾਲੇਕਾ ਕਹਿੰਦਾ ਹੈ ਕਿ ਮੇਲਿਆਂ ਵਿੱਚ ਵੇਚੇ ਜਾ ਰਹੇ ਖੇਤੀ ਸੰਬੰਧੀ ਸਾਮਾਨ ਦੀ ਸ਼ੁੱਧਤਾ ਤੇ ਤਕਨੀਕੀ ਸਫ਼ਲਤਾ ਦੀ ਜ਼ਿੰਮੇਵਾਰੀ ਮੇਲਾ ਪ੍ਰਬੰਧਕਾਂ ਦੀ ਹੋਣੀ ਚਾਹੀਦੀ ਹੈ । ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਮੇਲਿਆਂ ਨੂੰ ਰਾਜਨੀਤਕ ਤੇ ਵਪਾਰਕ ਰੂਪ ਧਾਰਨ ਨਾ ਕਰਨ ਦੇਣ । ਕਿਸਾਨ ਸਿਆਸੀ ਤੇਂ ਵਪਾਰਕ ਭਾਸ਼ਨ ਸੁਣਨਾ ਨਹੀਂ, ਵਿਗਿਆਨੀਆਂ ਨਾਲ ਸੰਪਰਕ ਵਧਾਉਣ ਤੇ ਉਨ੍ਹਾਂ ਤੋਂ ਤਕਨੀਕੀ ਜਾਣਕਾਰੀ ਲੈਣਾ ਚਾਹੁੰਦੇ ਹਨ ।

ਇਹ ਮੇਲੇ ਕਿਸਾਨੀ ਸਮੱਸਿਆਵਾਂ ਨੂੰ ਉਭਾਰਨ ਦਾ ਵੀ ਸੋਮਾ ਹਨ, ਜਿਨ੍ਹਾਂ ਵਿੱਚ ਕਿਸਾਨ ਆਪਸ ਵਿੱਚ ਵਿਚਾਰ-ਵਟਾਂਦਰਾ ਕਰਦੇ ਹਨ ਅਤੇ ਵਿਗਿਆਨੀਆਂ ਨੂੰ ਸਹੀ ਪ੍ਰਤੀਕਿਰਿਆ ਦੇ ਸਕਦੇ ਹਨ, ਜੋ ਖੋਜ ਨੂੰ ਵਧੇਰੇ ਲਾਭਦਾਇਕ ਤੇ ਸੰਪੂਰਨ ਬਣਾਉਣ ਵਿੱਚ ਸਹਾਈ ਹੋਵੇਗੀ ।

ਆਲ ਇੰਡੀਆ ਰਾਈਸ ਐਕਸਪੋਰਟਰਜ਼ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਤੇ ਬਾਸਮਤੀ ਦੇ ਪ੍ਰਸਿੱਧ ਬਰਾਮਦਕਾਰ ਵਿਜੇ ਸੇਤੀਆ ਕਹਿੰਦੇ ਹਨ ਕਿ ਕਿਸਾਨਾਂ ਵਲੋਂ ਜੋ ਕੰਬਾਈਨ ਨਾਲ ਕੱਟਣ ਮਗਰੋਂ ਤੁਰੰਤ ਨਮੀ ਵਾਲੀ ਪੈਦਾਵਾਰ ਮੰਡੀ ਵਿੱਚ ਲਿਆਈ ਜਾਂਦੀ ਹੈ, ਉਸ ਨੂੰ ਬੰਦ ਕਰਨ ਲਈ ਸਰਕਾਰ ਵੱਡੀਆਂ ਮਸ਼ੀਨਾਂ 'ਤੇ ਸਰਸਿਡੀ ਦੇਣ ਦੀ ਬਜਾਏ, ਕਿਸਾਨਾਂ ਨੂੰ ਭੰਡਾਰ ਕਰਨ ਲਈ ਗੁਦਾਮ ਤੇ ਬੀਜ ਰੱਖਣ ਲਈ ਢੋਲਾਂ 'ਤੇ ਸਹਾਇਤਾ ਦੇਵੇ । ਪੂਸਾ ਬਾਸਮਤੀ-1509 ਜੋ ਸਭ ਕਿਸਮਾਂ ਤੋਂ ਵੱਧ ਕਾਸ਼ਤ ਕੀਤੀ ਜਾਂਦੀ ਹੈ, ਕਿਸਾਨਾਂ ਵਲੋਂ ਮੰਡੀ ਵਿੱਚ ਤੁਰੰਤ ਲਿਆਉਣ ਉਪਰੰਤ 2500-2600 ਰੁਪਏ ਪ੍ਰਤੀ ਕੁਇੰਟਲ ਤੱਕ ਵਿਕੀ ਸੀ, ਜਦਕਿ ਹੁਣ ਸੁੱਕੀ ਫ਼ਸਲ 3900-4000 ਰੁਪਏ ਪ੍ਰਤੀ ਕੁਇੰਟਲ ਤੱਕ ਵਿਕ ਰਹੀ ਹੈ ।

ਖੁੱਲ੍ਹੀ ਮੰਡੀ ਵਿੱਚ ਅਪ੍ਰਮਾਣਿਤ ਕਿਸਮਾਂ (ਨਵ ਵਿਕਸਿਤ ਕਿਸਮਾਂ ਕਹਿ ਕੇ) ਦੇ ਬੀਜ ਕਿਸਾਨਾਂ ਨੂੰ ਬੜੇ ਮਹਿੰਗੇ ਭਾਅ ਵੇਚੇ ਜਾ ਰਹੇ ਹਨ । ਕਈ ਲੋਕ ਬੀਜ ਵਿਕਰੇਤਾ ਬਣ ਕੇ ਦੁਕਾਨਾਂ ਚਲਾਉਣ ਲੱਗ ਪਏ । ਅਪ੍ਰਮਾਣਿਤ ਕਿਸਮਾਂ (ਜੋ ਸਿਫ਼ਾਰਸ਼ਸ਼ੁਦਾ ਨਹੀਂ ਹਨ) ਦੇ ਬੀਜ ਕਿਸਾਨਾਂ ਨੂੰ ਇਨ੍ਹਾਂ ਦੁਕਾਨਾਂ 'ਤੇ ਵੇਚੇ ਜਾ ਰਹੇ ਹਨ । ਅਜਿਹੀ ਪ੍ਰਣਾਲੀ ਵਿੱਚ ਵੀ ਸੁਧਾਰ ਲਿਆਉਣ ਦੀ ਲੋੜ ਹੈ, ਅਤੇ ਅਜਿਹੇ ਮਸਲੇ ਵੀ ਇਨ੍ਹਾਂ ਮੇਲਿਆਂ ਵਿੱਚ ਵਿਚਾਰੇ ਜਾਣੇ ਚਾਹੀਦੇ ਹਨ ।






# ਛੋਟੇ ਅਤੇ ਦਰਮਿਆਨੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਸੰਯੁਕਤ ਖੇਤੀ ਪ੍ਰਣਾਲੀ

ਸੋਹਨ ਸਿੰਘ ਵਾਲੀਆ ਅਤੇ ਅਮਨਦੀਪ ਸਿੰਘ ਸਿੱਧੂ, ਸਕੂਲ ਆਫ਼ ਆਰਗੈਨਿਕ ਐਂਡ ਨੈਚੂਰਲ ਫਾਰਮਿੰਗ, ਪੀ. ਏ. ਯੂ., ਲੁਧਿਆਣਾ (ਮੋ. 81464-00134)

ਆਧੁਨਿਕ ਖੇਤੀਬਾੜੀ ਨੂੰ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਵੇਂ ਕਿ ਮਿੱਟੀ ਦੀ ਉਪਜਾਊ ਸ਼ਕਤੀ ਦਾ ਘੱਟਣਾ, ਜ਼ਮੀਨੀ ਵੰਡ, ਨਿਵੇਸ਼ ਲਾਗਤਾਂ ਵਿੱਚ ਵਾਧਾ, ਜਲਵਾਯੂ ਪਰਿਵਰਤਨ ਅਤੇ ਛੋਟੇ ਤੇ ਦਰਮਿਆਨੇ ਕਿਸਾਨਾਂ ਵਿੱਚ ਆਮਦਨ ਦੀ ਅਸਥਿਰਤਾ। ਇੱਕ ਫ਼ਸਲੀ ਪ੍ਰਣਾਲੀ, ਹਾਲਾਂਕਿ ਛੋਟੇ ਸਮੇਂ ਵਿੱਚ ਉਤਪਾਦਕ ਹੁੰਦੀ ਹੈ, ਪਰ ਅਕਸਰ ਸਰੋਤਾਂ ਦੀ ਅਕੁਸ਼ਲ ਵਰਤੋਂ ਅਤੇ ਵਾਤਾਵਰਣ ਪ੍ਰਦੂਸ਼ਣ ਵੱਲ ਲੈ ਜਾਂਦੀ ਹੈ। ਇਸ ਸੰਦਰਭ ਵਿੱਚ, ਸੰਯੁਕਤ ਖੇਤੀ ਪ੍ਰਣਾਲੀ ਇੱਕ ਪ੍ਰਭਾਵਸ਼ਾਲੀ ਬਦਲ ਵਜੋਂ ਉਭਰੀ ਹੈ, ਜੋ ਵੱਖ-ਵੱਖ ਖੇਤੀ ਉੱਦਮਾਂ ਦੀ ਵਿਭਿੰਨਤਾ ਅਤੇ ਏਕੀਕਰਨ ਰਾਹੀਂ ਟਿਕਾਊ ਤੀਬਰਤਾ ਨੂੰ ਉਤਸ਼ਾਹਿਤ ਕਰਦੀ ਹੈ। ਸੰਯੁਕਤ ਖੇਤੀ ਤਾਲਮੇਲ ਦੇ ਸਿਧਾਂਤ ਤੇ ਅਧਾਰਤ ਹੈ, ਜਿੱਥੇ ਇੱਕ ਉੱਦਮ ਦੀ ਰਹਿੰਦ-ਖੂੰਹਦ ਦੂਜੇ ਲਈ ਨਿਵੇਸ਼ ਵਜੋਂ ਕੰਮ ਕਰਦੀ ਹੈ, ਜਿਸ ਨਾਲ ਬਾਹਰੀ ਨਿਵੇਸ਼ਾਂ 'ਤੇ ਨਿਰਭਰਤਾ ਘੱਟ ਹੁੰਦੀ ਹੈ ਅਤੇ ਕੁੱਲ ਖੇਤੀ ਉਤਪਾਦਕਤਾ ਵਿੱਚ ਵਾਧਾ ਹੁੰਦਾ ਹੈ। ਕਿਸਾਨਾਂ ਨੂੰ ਨਿਯਮਤ ਆਮਦਨ ਪ੍ਰਾਪਤ ਕਰਨ ਲਈ ਸੰਯੁਕਤ ਖੇਤੀ ਪ੍ਰਣਾਲੀ ਜੋ ਫ਼ਸਲਾਂ, ਪਸ਼ੂਆਂ, ਮੱਛੀ ਪਾਲਣ ਦਾ ਏਕੀਕਰਣ ਕਰਦੀ ਹੈ ਨੂੰ ਅਪਨਾਉਣ ਦੀ ਲੋੜ ਹੈ। ਸੰਯੁਕਤ ਖੇਤੀ ਪ੍ਰਣਾਲੀ ਜੋ ਪਸ਼ੂਆਂ ਅਤੇ ਫ਼ਸਲੀ ਉਦਯੋਗ ਨੂੰ ਸੰਗਠਿਤ ਕਰਦੀ ਹੈ ਅਤੇ ਛੋਟੇ ਅਤੇ ਦਰਮਿਆਨੇ ਕਿਸਾਨ ਜੋ ਇੱਕ ਹੈਕਟੇਅਰ ਤੋਂ ਘੱਟ ਦੀ ਖੇਤੀ ਕਰਦੇ ਹਨ ਵਿੱਚ ਨਵੀਂ ਦਿਲਚਸਪੀ ਪੈਦਾ ਕਰ ਰਹੀ ਹੈ।

**ਸੰਯੁਕਤ ਖੇਤੀ ਪ੍ਰਣਾਲੀ ਦੇ ਸਿਧਾਂਤ**

ਸੰਯੁਕਤ ਖੇਤੀ ਪ੍ਰਣਾਲੀ ਦੀ ਸਫ਼ਲ ਕਾਰਗੁਜ਼ਾਰੀ ਹੇਠ ਲਿਖੇ ਸਿਧਾਂਤਾਂ 'ਤੇ ਆਧਾਰਿਤ ਹੈ :

★ ਜੋਖਮ ਨੂੰ ਘਟਾਉਣ ਅਤੇ ਆਮਦਨ ਦੀ ਸਥਿਰਤਾ ਯਕੀਨੀ ਬਣਾਉਣ ਲਈ ਵੱਖ-ਵੱਖ ਖੇਤੀ ਉੱਦਮਾਂ ਦੀ ਵਿਭਿੰਨਤਾ।

★ ਬਰਬਾਦੀ ਨੂੰ ਘਟਾਉਣ ਅਤੇ ਬਾਹਰੀ ਨਿਵੇਸ਼ਾਂ 'ਤੇ ਨਿਰਭਰਤਾ ਘਟਾਉਣ ਲਈ ਸਰੋਤਾਂ ਦੀ ਦੁਬਾਰਾ ਵਰਤੋਂ।

★ ਕੁੱਲ ਪ੍ਰਣਾਲੀ ਦੀ ਕਾਰਗੁਜ਼ਾਰੀ ਵਧਾਉਣ ਲਈ ਖੇਤੀ ਦੇ ਵੱਖ-ਵੱਖ ਉੱਦਮਾਂ ਵਿਚਕਾਰ ਪੂਰਕਤਾ।

★ ਮਿੱਟੀ, ਪਾਣੀ ਅਤੇ ਜੈਵਿਕ ਵਿਭਿੰਨਤਾ ਦੀ ਸੰਭਾਲ ਰਾਹੀਂ ਟਿਕਾਊ-ਪਣ।

★ ਵੱਧ ਆਮਦਨ ਅਤੇ ਸਾਲ ਭਰ ਰੋਜ਼ਗਾਰ ਦੇ ਮੌਕਿਆਂ ਨਾਲ ਆਰਥਿਕ ਸੰਭਾਵਨਾ।

**ਸੰਯੁਕਤ ਖੇਤੀ ਪ੍ਰਣਾਲੀ ਦੇ ਲਾਭ**

★ ਵੱਖ-ਵੱਖ ਉੱਦਮਾਂ ਵਿਚਕਾਰ ਸਹਿਯੋਗੀ ਸੰਬੰਧਾਂ ਰਾਹੀਂ ਉਤਪਾਦਕਤਾ ਵਿੱਚ ਵਾਧਾ।

★ ਖੇਤੀ ਰਹਿੰਦ-ਖੂੰਹਦ ਦੀ ਪ੍ਰਭਾਵਸ਼ਾਲੀ ਦੁਬਾਰਾ ਵਰਤੋਂ ਨਾਲ ਨਿਵੇਸ਼ ਲਾਗਤ ਨੂੰ ਘਟਾਉਣਾ।

★ ਜੈਵਿਕ ਪਦਾਰਥ ਦੇ ਨਿਰੰਤਰ ਸ਼ਾਮਲ ਹੋਣ ਨਾਲ ਮਿੱਟੀ ਦੀ ਸਿਹਤ ਵਿੱਚ ਸੁਧਾਰ।

★ ਆਮਦਨ ਦੇ ਸਰੋਤਾਂ ਦੀ ਵਿਭਿੰਨਤਾ ਰਾਹੀਂ ਸਾਰਾ ਸਾਲ ਆਮਦਨ ਆਉਣ ਦੇ ਮੌਕੇ ਪ੍ਰਦਾਨ ਕਰਨਾ।

★ ਖੇਤੀ ਪਰਿਵਾਰਾਂ ਲਈ ਸਾਲ ਭਰ ਰੋਜ਼ਗਾਰ ਦੇ ਮੌਕੇ।

★ ਪ੍ਰਦੂਸ਼ਣ ਵਿੱਚ ਕਮੀ ਅਤੇ ਜੈਵਿਕ ਵਿਭਿੰਨਤਾ ਵਿੱਚ ਸੁਧਾਰ ਰਾਹੀਂ ਵਾਤਾਵਰਣੀ ਸਥਿਰਤਾ।

★ ਵੱਖ-ਵੱਖ ਉੱਦਮਾਂ ਵਿੱਚ ਜੋਖਮ ਵੰਡ ਕੇ ਅਤੇ ਮਿੱਟੀ ਦੀ ਜੈਵਿਕ ਕਾਰਬਨ ਸਮਰੱਥਾ ਵਿੱਚ ਸੁਧਾਰ ਕਰਕੇ ਜਲਵਾਯੂ ਅਸਥਿਰਤਾ ਪ੍ਰਤੀ ਲਚੀਲੇਪਣ ਵਧਾਉਂਦੀ ਹੈ। ਦਰੱਖਤਾਂ ਅਤੇ ਪਸ਼ੂ ਪਾਲਨ ਦੇ ਏਕੀਕਰਨ ਨਾਲ ਕਾਰਬਨ ਸੰਜੋਣਾ, ਪ੍ਰਤੀ ਇਕਾਈ ਉਤਪਾਦਨ ਗ੍ਰੀਨਹਾਊਸ ਗੈਸ ਰਿਸਾਵ ਵਿੱਚ ਕਮੀ ਅਤੇ ਖੇਤੀ ਪ੍ਰਣਾਲੀਆਂ ਦੀ ਅਨੁਕੂਲ ਸਮਰੱਥਾ ਵਿੱਚ ਵਾਧਾ ਹੁੰਦਾ ਹੈ।

**ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਸੰਯੁਕਤ ਖੇਤੀ ਪ੍ਰਣਾਲੀ ਦਾ ਮਾਡਲ**

ਇਹ ਅਧਿਐਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ 2020-21 ਦੌਰਾਨ ''ਆਲ ਇੰਡੀਆ ਕੋਆਰਡੀਨੇਟਿਡ ਰਿਸਰਚ ਪ੍ਰੋਜੈਕਟ ਆਨ ਇੰਟੀਗ੍ਰੇਟਿਡ ਫਾਰਮਿੰਗ ਸਿਸਟਮਜ਼ (ਆਈ ਸੀ ਐ ਆਰ)'' ਦੇ ਤਹਿਤ ਕਰਵਾਇਆ ਗਿਆ ਸੀ। ਇੱਕ ਹੈਕਟੇਅਰ (10,000 ਵਰਗ ਮੀਟਰ) ਖੇਤਰ ਦੇ ਅਧੀਨ ਸੰਯੁਕਤ ਖੇਤੀ ਪ੍ਰਣਾਲੀ ਦਾ ਮਾਡਲ ਸਾਉਣੀ 2010 ਦੌਰਾਨ ਵਿਕਸਤ ਕੀਤਾ ਗਿਆ ਸੀ। ਸੰਯੁਕਤ ਖੇਤੀ ਪ੍ਰਣਾਲੀ ਦੇ ਮਾਡਲ ਵਿੱਚ ਵੱਖ-ਵੱਖ ਭਾਗ ਜਿਵੇਂ ਕਿ ਫ਼ਸਲਾਂ, ਬਾਗਬਾਨੀ, ਮੱਛੀ ਪਾਲਣ, ਡੇਅਰੀ ਅਤੇ ਜੰਗਲਾਤ ਸ਼ਾਮਲ ਹਨ। 6400 ਵਰਗ ਮੀਟਰ ਖੇਤਰ ਵਿੱਚ, ਸਾਉਣੀ ਦੇ ਮੌਸਮ ਦੌਰਾਨ ਝੋਨਾ, ਬਾਸਮਤੀ, ਮੱਕੀ ਅਤੇ ਹਲਦੀ ਵਰਗੀਆਂ ਫ਼ਸਲਾਂ ਬੀਜੀਆਂ ਜਾਂਦੀਆਂ ਹਨ, ਜਿਸ



ਤੋਂ ਬਾਅਦ ਹਾੜ੍ਹੀ ਅਤੇ ਗਰਮੀਆਂ ਦੇ ਮੌਸਮ ਵਿੱਚ ਕਣਕ, ਗੋਭੀ ਸਰ੍ਹੋਂ, ਬਾਜਰਾ, ਬਰਸੀਮ, ਆਲੂ, ਪਿਆਜ਼, ਬੇਬੀ ਕੌਰਨ ਅਤੇ ਬਸੰਤ ਰੁੱਤ ਦੀ ਮੱਕੀ ਦੀ ਕਾਸ਼ਤ ਕੀਤੀ ਜਾਂਦੀ ਹੈ। ਬਾਗਬਾਨੀ ਨੂੰ ਲਗਭਗ 1900 ਵਰਗ ਮੀਟਰ ਦੇ ਖੇਤਰ ਵਿੱਚ ਕੀਤਾ ਗਿਆ ਹੈ, ਜਿਸ ਵਿੱਚ ਨਿੰਬੂ ਅਤੇ ਅਮਰੂਦ ਦੇ ਬੂਟੇ ਸ਼ਾਮਲ ਹਨ ਅਤੇ ਸਬਜ਼ੀਆਂ ਦੀ ਕਾਸ਼ਤ ਲਈ ਅੰਤਰ ਕਤਾਰ ਵਿਧੀ ਦੀ ਵਰਤੋਂ ਕੀਤੀ ਗਈ ਹੈ। ਇਸੇ ਤਰ੍ਹਾਂ 200, 1000 ਅਤੇ 300 ਵਰਗ ਮੀਟਰ ਦਾ ਖੇਤਰ ਕ੍ਰਮਵਾਰ ਡੇਅਰੀ + ਬੱਕਰੀ ਪਾਲਣ, ਮੱਛੀ ਪਾਲਣ ਅਤੇ ਜੰਗਲਾਤ ਲਈ ਵਰਤਿਆ ਗਿਆ ਹੈ। ਇਸ ਤੋਂ ਇਲਾਵਾ, ਕਰੌਂਦਾ ਅਤੇ ਗਲਗਲ ਦੇ ਬੂਟੇ ਮਾਡਲ ਦੇ ਚਾਰੇ ਪਾਸੇ ਲਾਏ ਗਏ। ਅਧਿਐਨ ਦੇ ਨਤੀਜੇ (2018-19 ਤੋਂ 2024-25 ਤੱਕ, 7 ਸਾਲਾਂ ਦੀ ਔਸਤ) ਦਰਸਾਉਂਦੇ ਹਨ ਕਿ ਫ਼ਸਲ ਅਧਾਰਤ ਭਾਗ, ਡੇਅਰੀ, ਬੱਕਰੀ ਪਾਲਣ, ਮੱਛੀ ਪਾਲਣ, ਬਾਗਬਾਨੀ ਅਤੇ ਜੰਗਲਾਤ ਨੂੰ ਅਪਣਾਉਣ ਨਾਲ ਔਸਤ 6,22,694 ਰੁਪਏ ਦੀ ਸ਼ੁੱਧ ਆਮਦਨ ਪ੍ਰਾਪਤ ਕੀਤੀ ਗਈ, ਜਿਸ ਵਿੱਚ ਡੇਅਰੀ ਦਾ ਸਭ ਤੋਂ ਵੱਧ ਯੋਗਦਾਨ (3,07,293 ਰੁਪਏ) ਸੀ, ਇਸ ਤੋਂ ਬਾਅਦ ਕ੍ਰਮਵਾਰ ਫ਼ਸਲਾਂ (1,35,854 ਰੁਪਏ), ਬੱਕਰੀ ਪਾਲਣ (85,156 ਰੁਪਏ), ਬਾਗਬਾਨੀ (34,446 ਰੁਪਏ), ਮੱਛੀ ਪਾਲਣ 25,305 ਰੁਪਏ), ਮਾਡਲ ਦੇ ਚਾਰੇ ਪਾਸੇ ਵਾੜ ਤੋਂ (19,931 ਰੁਪਏ), ਜੰਗਲਾਤ (14,008 ਰੁਪਏ) ਅਤੇ ਘਰੇਲੂ ਬਗੀਚੀ (7,372 ਰੁਪਏ) ਨੇ ਸ਼ੁੱਧ ਆਮਦਨ ਵਿੱਚ ਆਪਣਾ ਯੋਗਦਾਨ ਦਿੱਤਾ। ਇਸ ਤਰ੍ਹਾਂ, ਛੋਟੇ ਅਤੇ ਦਰਮਿਆਨੇ ਕਿਸਾਨਾਂ ਲਈ ਵਿਕਸਤ ਇਸ ਇੱਕ ਹੈਕਟੇਅਰ ਦੇ ਸੰਯੁਕਤ ਖੇਤੀ ਪ੍ਰਣਾਲੀ ਮਾਡਲ ਤੋਂ 8,45,620 ਰੁਪਏ ਪ੍ਰਤੀ ਹੈਕਟੇਅਰ ਦੀ ਕੁੱਲ ਆਮਦਨ ਪ੍ਰਾਪਤ ਹੋਈ ਅਤੇ ਲਾਗਤ ਜੋ ਕਿ 4,30,363 ਰੁਪਏ ਪ੍ਰਤੀ ਹੈਕਟੇਅਰ ਸੀ ਨੂੰ ਘਟਾ ਕੇ 6,22,694 ਰੁਪਏ ਪ੍ਰਤੀ ਹੈਕਟੇਅਰ ਸ਼ੁੱਧ ਆਮਦਨ ਪ੍ਰਾਪਤ ਹੋਈ ਜੋ ਕਿ ਮੌਜੂਦਾ ਪ੍ਰਚਲਿਤ ਝੋਨਾ-ਕਣਕ ਫ਼ਸਲੀ ਪ੍ਰਣਾਲੀ ਤੋਂ ਕਾਫ਼ੀ ਜ਼ਿਆਦਾ ਹੈ। ਰਾਜ ਦੇ ਵੱਖ-ਵੱਖ ਕ੍ਰਿਸ਼ੀ ਵਿਗਿਆਨ ਕੇਂਦਰਾਂ 'ਤੇ ਸੰਯੁਕਤ ਖੇਤੀ ਪ੍ਰਣਾਲੀ ਮਾਡਲਾਂ ਦਾ ਪ੍ਰਦਰਸ਼ਨ ਕੀਤਾ ਗਿਆ ਹੈ ਅਤੇ ਨਾਲ ਹੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਕਈ ਖੇਤੀ-ਪ੍ਰੋਸੈਸਿੰਗ ਤਕਨੀਕਾਂ ਵਿਕਸਿਤ ਕੀਤੀਆਂ ਗਈਆਂ ਹਨ ਜਿਨ੍ਹਾਂ ਰਾਹੀਂ ਕਿਸਾਨ ਆਪਣੀ ਆਮਦਨ ਵਿੱਚ ਹੋਰ ਵਾਧਾ ਕਰ ਸਕਦੇ ਹਨ।

ਏਕੀਕ੍ਰਿਤ ਢੰਗ ਨਾਲ ਬਹੁ-ਖੇਤੀ ਉੱਦਮਾਂ ਨੂੰ ਅਪਣਾਉਣ ਨਾਲ ਕਿਸਾਨਾਂ ਦੀ ਰੋਜ਼ੀ-ਰੋਟੀ ਨੂੰ ਕਾਇਮ ਰੱਖਣ ਅਤੇ ਵੱਧ ਆਮਦਨ ਪ੍ਰਦਾਨ ਕਰਨਾ ਯਕੀਨੀ ਬਣਾਇਆ ਜਾ ਸਕਦਾ ਹੈ। ਇਸ ਲਈ, ਦੇਸ਼ ਦੀਆਂ ਸਾਰੀਆਂ ਖੇਤੀ-ਜਲਵਾਯੂ ਹਾਲਤਾਂ ਵਿੱਚ ਸੰਯੁਕਤ ਖੇਤੀ ਪ੍ਰਣਾਲੀ ਦੇ ਸੰਕਲਪ ਨੂੰ ਉਤਸ਼ਾਹਿਤ ਕਰਨ ਦੀ ਤੁਰੰਤ ਲੋੜ ਹੈ।

# ਹੁਣ ਰਸਾਇਣਕ ਖਾਦਾਂ ਦੇ ਬਦਲ ਲੱਭਣ ਦਾ ਸਮਾਂ ਆਇਆ

ਪਦਮਸ਼੍ਰੀ ਰਾਮ ਸਰਨ ਵਰਮਾ



**ਭਾਰਤ ਇੱਕ ਖੇਤੀਬਾੜੀ ਪ੍ਰਧਾਨ ਦੇਸ਼ ਹੈ, ਜਿੱਥੇ ਇੱਕ ਵੱਡੀ ਆਬਾਦੀ ਆਪਣੀ ਰੋਜ਼ੀ-ਰੋਟੀ ਲਈ ਸਿੱਧੇ ਤੌਰ 'ਤੇ ਖੇਤੀਬਾੜੀ 'ਤੇ ਨਿਰਭਰ ਹੈ। ਦੇਸ਼ ਦੀ ਵੱਧਦੀ ਖ਼ੁਰਾਕ ਮੰਗ ਨੂੰ ਪੂਰਾ ਕਰਨ ਲਈ ਪਿਛਲੇ ਕਈ ਦਹਾਕਿਆਂ ਤੋਂ ਰਸਾਇਣਕ ਖਾਦਾਂ ਦੀ ਵਰਤੋਂ ਲਗਾਤਾਰ ਵੱਧਦੀ ਰਹੀ ਹੈ। ਸ਼ੁਰੂਆਤੀ ਪੜਾਅ ਵਿੱਚ ਇਨ੍ਹਾਂ ਖਾਦਾਂ ਨੇ ਉਤਪਾਦਨ ਵਧਾਉਣ ਵਿੱਚ ਜ਼ਰੂਰ ਮਦਦ ਕੀਤੀ ਪਰ ਅੱਜ ਇਨ੍ਹਾਂ ਦੀ ਅੰਨ੍ਹੇਵਾਹ ਤੇ ਬੇਕਾਬੂ ਵਰਤੋਂ ਕਾਰਨ ਖੇਤੀਬਾੜੀ, ਵਾਤਾਵਰਨ ਤੇ ਮਨੁੱਖੀ ਸਿਹਤ 'ਤੇ ਗੰਭੀਰ ਸੰਕਟ ਮੰਡਰਾ ਰਿਹਾ ਹੈ।**

**ਖਾਦ ਦੀ ਖ਼ਪਤ ਦੇ ਚਿੰਤਾਜਨਕ ਅੰਕੜੇ**

ਦੇਸ਼ ਵਿੱਚ ਰਸਾਇਣਕ ਖਾਦਾਂ ਦੀ ਵੱਧ ਰਹੀ ਵਰਤੋਂ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਸਾਲ 2018-2019 ਵਿੱਚ ਜਿੱਥੇ 115 ਕਰੋੜ ਥੈਲਿਆਂ ਦੀ ਖ਼ਪਤ ਹੋਈ ਸੀ, ਉੱਥੇ ਹੀ 2024-25 ਦੌਰਾਨ ਇਹ ਅੰਕੜਾ 150 ਕਰੋੜ ਥੈਲਿਆਂ ਨੂੰ ਪਾਰ ਕਰ ਗਿਆ। ਇਹ ਧਿਆਨ ਦੇਣ ਯੋਗ ਹੈ ਕਿ ਭਾਰਤ ਦੀ ਆਬਾਦੀ ਲਗਭਗ 143 ਕਰੋੜ ਹੈ, ਜਦਕਿ ਖਾਦ ਦੀ ਖ਼ਪਤ 150 ਕਰੋੜ ਥੈਲਿਆਂ ਤੋਂ ਵੀ ਵੱਧ ਹੋ ਗਈ। ਇਹ ਅਸੰਤੁਲਨ ਨਾ ਸਿਰਫ਼ ਚਿੰਤਾਜਨਕ ਹੈ, ਸਗੋਂ ਭਵਿੱਖ ਲਈ



ਇੱਕ ਵੱਡੇ ਖ਼ਤਰੇ ਦਾ ਸੰਕੇਤ ਵੀ ਹੈ।

**ਸਿਹਤ-ਮਿੱਟੀ 'ਤੇ ਦੋਹਰਾ ਪ੍ਰਭਾਵ**

ਰਸਾਇਣਕ ਖਾਦਾਂ ਦੇ ਪ੍ਰਭਾਵ ਹੁਣ ਸਾਡੀਆਂ ਥਾਲੀਆਂ ਤੱਕ ਪਹੁੰਚ ਗਏ ਹਨ। ਕਣਕ, ਚੌਲ, ਦਾਲਾਂ, ਸਬਜ਼ੀਆਂ, ਫ਼ਲ ਤੇ ਇੱਥੋਂ ਤੱਕ ਕਿ ਦੁੱਧ, ਦਹੀਂ, ਘਿਓ ਵੀ ਇਨ੍ਹਾਂ ਰਸਾਇਣਾਂ ਤੋਂ ਮੁਕਤ ਨਹੀਂ ਹਨ। ਨਤੀਜੇ ਵਜੋਂ ਦੇਸ਼ ਵਿੱਚ ਕੈਂਸਰ, ਦਿਲ ਦੇ ਰੋਗ, ਐਲਰਜੀ ਤੇ ਸ਼ੂਗਰ ਵਰਗੀਆਂ ਗੰਭੀਰ ਬਿਮਾਰੀਆਂ ਦੇ ਮਾਮਲੇ ਦਿਨੋਂ-ਦਿਨ ਵੱਧ ਰਹੇ ਹਨ। ਖੇਤਾਂ ਦੀ ਹਾਲਤ ਵੀ ਘੱਟ ਚਿੰਤਾਜਨਕ ਨਹੀਂ ਹੈ। ਨਿਯਮਾਂ ਅਨੁਸਾਰ ਖਾਦਾਂ ਦੀ ਵਰਤੋਂ ਸਿਰਫ਼ ਬੂਟਿਆਂ ਦੀਆਂ ਜੜ੍ਹਾਂ ਦੇ ਨੇੜੇ ਹੀ ਕਰਨੀ ਚਾਹੀਦੀ ਹੈ ਪਰ ਇਨ੍ਹਾਂ ਨੂੰ ਪੂਰੇ ਖੇਤ ਵਿੱਚ ਛਿੜਕਣ ਨਾਲ ਜੰਗਲੀ ਬੂਟੀ (weeds) ਦੀ ਸਮੱਸਿਆ ਵੱਧ ਜਾਂਦੀ ਹੈ। ਇਨ੍ਹਾਂ ਜੰਗਲੀ ਬੂਟਿਆਂ ਨੂੰ ਖ਼ਤਮ ਕਰਨ ਲਈ ਵੱਡੀ ਮਾਤਰਾ ਵਿੱਚ ਜੰਗਲੀ ਬੂਟੀ ਨਾਸ਼ਕਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਨਸ਼ਟ ਕਰਦੇ ਹਨ। ਮਿੱਟੀ ਦੀ ਗੁਆਚੀ ਹੋਈ ਤਾਕਤ ਨੂੰ ਮੁੜ ਪ੍ਰਾਪਤ ਕਰਨ ਲਈ ਕਿਸਾਨ ਹੋਰ ਖਾਦਾਂ ਦੀ ਵਰਤੋਂ ਕਰਦਾ ਹੈ ਤੇ ਇਹੀ ਚੱਕਰ ਹਰ ਸਾਲ ਮਿੱਟੀ ਨੂੰ ਹੋਰ ਬੰਜਰ ਬਣਾ ਰਿਹਾ ਹੈ।

**ਅਰਥਵਿਵਸਥਾ 'ਤੇ ਬੋਝ ਅਤੇ ਕਾਲਾਬਾਜ਼ਾਰੀ**

ਖਾਦ ਖੇਤਰ ਵਿੱਚ ਵੱਧਦਾ ਨਿਵੇਸ਼ ਵੀ ਦੇਸ਼ ਦੀ ਆਰਥਿਕਤਾ 'ਤੇ ਭਾਰੀ ਪੈ ਰਿਹਾ ਹੈ। ਵਰਤਮਾਨ ਵਿੱਚ ਦੇਸ਼ ਹਰ ਸਾਲ ਲਗਭਗ 3 ਲੱਖ ਕਰੋੜ ਰੁਪਏ ਮੁੱਲ (ਸਬਸਿਡੀਆਂ ਸਮੇਤ) ਦੀਆਂ ਰਸਾਇਣਕ ਖਾਦਾਂ ਦੀ ਵਰਤੋਂ ਕਰਦਾ ਹੈ। ਮੰਦਭਾਗੀ ਗੱਲ ਇਹ ਹੈ ਕਿ ਸਾਡਾ ਖਾਦ ਉਦਯੋਗ 80% ਵਿਦੇਸ਼ੀ ਕੱਚੇ ਮਾਲ ਜਾਂ ਆਯਾਤ ਕੀਤੀਆਂ ਖਾਦਾਂ 'ਤੇ ਨਿਰਭਰ ਹੈ। ਕੁੱਲ 3 ਲੱਖ ਕਰੋੜ ਰੁਪਏ ਵਿੱਚੋਂ 2.5 ਲੱਖ ਕਰੋੜ ਰੁਪਏ ਸਿਰਫ਼ ਆਯਾਤ 'ਤੇ ਖਰਚੇ ਜਾਂਦੇ ਹਨ। ਇਸ ਤਰ੍ਹਾਂ ਇੱਕ ਪਾਸੇ ਸਾਡੀ ਜ਼ਮੀਨ ਬੰਜ਼ਰ ਹੋ ਰਹੀ ਹੈ ਤੇ ਦੂਜੇ ਪਾਸੇ ਦੇਸ਼ ਦੀ ਪੂੰਜੀ ਦਾ ਇੱਕ ਮਹੱਤਵਪੂਰਨ ਹਿੱਸਾ ਵਿਦੇਸ਼ਾਂ ਵਿੱਚ ਜਾ ਰਿਹਾ ਹੈ।

ਸਰਕਾਰ ਕਿਸਾਨਾਂ ਦੀ ਭਲਾਈ ਲਈ ਭਾਰੀ ਸਬਸਿਡੀਆਂ ਦੇ ਰਹੀ ਹੈ। ਪਿਛਲੇ 10 ਸਾਲਾਂ ਵਿੱਚ ਲਗਭਗ 13 ਲੱਖ ਕਰੋੜ ਰੁਪਏ ਦੀ ਖਾਦ ਸਬਸਿਡੀ ਦਿੱਤੀ ਗਈ ਹੈ। ਇਸ ਸਬਸਿਡੀ ਦੇ ਕਾਰਨ ਯੂਰੀਆ ਖਾਦ, ਜੋ ਪਹਿਲਾਂ 40 ਰੁਪਏ ਪ੍ਰਤੀ ਕਿਲੋਗ੍ਰਾਮ ਸੀ, ਹੁਣ 6 ਰੁਪਏ ਪ੍ਰਤੀ ਕਿਲੋਗ੍ਰਾਮ ਤੋਂ ਵੀ ਘੱਟ ਕੀਮਤ 'ਤੇ ਉਪਲਬਧ ਹੈ। ਹਾਲਾਤ ਇਹ ਹਨ ਕਿ ਅੱਜ ਯੂਰੀਆ ਪਸ਼ੂਆਂ ਦੇ ਚਾਰੇ ਨਾਲੋਂ ਸਸਤਾ ਹੋ ਗਿਆ ਹੈ। ਸਰਕਾਰ 85 ਤੋਂ 90 ਫ਼ੀਸਦੀ ਸਬਸਿਡੀ ਦਿੰਦੀ ਹੈ, ਤਾਂ ਕਿਸਾਨਾਂ ਨੂੰ ਕੀਮਤ 'ਤੇ ਯੂਰੀਆ ਮਿਲ ਸਕੇ। ਪਰ ਇਸ ਘੱਟ ਕੀਮਤ ਦਾ ਫ਼ਾਇਦਾ ਉਠਾਉਂਦੇ ਹੋਏ ਵਿਚੋਲੇ ਯੂਰੀਆ ਦੀ ਕਾਲਾਬਾਜ਼ਾਰੀ ਵਿੱਚ ਸ਼ਾਮਿਲ ਹੁੰਦੇ ਹਨ ਤੇ ਇਸ ਨੂੰ ਖੇਤੀਬਾੜੀ ਲਈ ਵਰਤਣ ਦੀ ਬਜਾਏ ਉਹ ਪਲਾਈਵੁੱਡ ਫੈਕਟਰੀਆਂ, ਪਸ਼ੂਆਂ ਦੇ ਚਾਰੇ ਅਤੇ ਮਿਲਾਵਟੀ ਦੁੱਧ ਬਣਾਉਣ ਲਈ ਇਸ ਦੀ ਵਰਤੋਂ ਕਰ ਰਹੇ ਹਨ।

**ਸੁਧਾਰ ਤੇ ਹੱਲ ਦੇ ਰਸਤੇ**

ਇਸ ਸੰਕਟ ਨੂੰ ਦੂਰ ਕਰਨ ਲਈ ਹੁਣ ਠੋਸ ਕਦਮਾਂ ਦੀ ਜ਼ਰੂਰਤ ਹੈ। ਪਹਿਲਾਂ ਖੇਤੀ ਰਹਿੰਦ-ਖੂੰਹਦ ਨੂੰ ਜੈਵਿਕ ਖਾਦ ਵਜੋਂ ਵਰਤਿਆ ਜਾਂਦਾ ਸੀ, ਜਿਸ ਨਾਲ ਮਿੱਟੀ ਵਿੱਚ ਜੈਵਿਕ ਕਾਰਬਨ ਬਣਿਆ ਰਹਿੰਦਾ ਸੀ। ਅੱਜ ਕਿਸਾਨ ਇਸ ਰਹਿੰਦ-ਖੂੰਹਦ ਨੂੰ ਵੇਚ ਕੇ ਕੁੱਝ ਮੁਨਾਫ਼ਾ ਕਮਾਉਂਦੇ ਹਨ ਪਰ ਇਹ ਰਸਾਇਣਕ ਖਾਦਾਂ ਦੀ ਅਸਲ ਲਾਗਤ ਨਾਲੋਂ ਬਹੁਤ ਘੱਟ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮੁਨਾਫ਼ਾ ਰਸਾਇਣਕ ਖਾਦ ਦੀਆਂ ਥੈਲੀਆਂ ਦਾ ਭਾਰ ਘੱਟ ਕਰਕੇ ਉਸ ਦੀ ਥਾਂ ਜੈਵਿਕ ਖਾਦ ਦੇ ਬਦਲ ਮੁਹੱਈਆ ਕਰਵਾਏ। ਨਾਲ ਹੀ ਬਹੁਤ ਜ਼ਿਆਦਾ ਖਾਦ ਦੀ ਵਰਤੋਂ ਵਾਲੇ ਖੇਤਰਾਂ ਦੀ ਪਛਾਣ ਕਰਕੇ ਉੱਥੇ ਵਿਸ਼ੇਸ਼ ਨਿਗਰਾਨੀ ਟੀਮਾਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ।

**ਕੁੱਝ ਮਹੱਤਵਪੂਰਨ ਸੁਝਾਅ**

1. **ਹਰੀ ਖਾਦ ਦੀ ਵੱਧ ਵਰਤੋਂ** : ਧਰਤੀ ਦੀ ਸਿਹਤ ਨੂੰ ਬਿਹਤਰ ਬਣਾਉਣ ਲਈ ਹਰੀ ਖਾਦ ਦੀ ਵੱਧ ਵਰਤੋਂ ਕਰਨੀ ਚਾਹੀਦੀ ਹੈ, ਜਿਸ ਤਰ੍ਹਾਂ ਸਰੀਰ ਨੂੰ ਸਿਹਤਮੰਦ ਰੱਖਣ ਲਈ ਯੋਗਾ ਜ਼ਰੂਰੀ ਹੈ, ਉਸੇ ਤਰ੍ਹਾਂ ਮਿੱਟੀ ਦੀ ਸਿਹਤ ਲਈ ਹਰੀ ਖਾਦ ਜ਼ਰੂਰੀ ਹੈ।

2. **ਵਿਗਿਆਨਕ ਫ਼ਸਲੀ ਚੱਕਰ** : ਇੱਕੋ ਫ਼ਸਲ ਨੂੰ ਵਾਰ-ਵਾਰ ਉਗਾਉਣ ਦੀ ਬਜਾਇ ਫ਼ਸਲੀ ਚੱਕਰ ਨੂੰ ਬਦਲਣਾ। ਉਦਾਹਰਨ ਵਜੋਂ ਦਾਲਾਂ ਮਿੱਟੀ ਦੀਆਂ ਡੂੰਘੀਆਂ ਪਰਤਾਂ ਤੋਂ ਪੌਸ਼ਟਿਕ ਤੱਤ ਖਿੱਚਦੀਆਂ ਹਨ, ਜਦਕਿ ਕਣਕ ਤੇ ਚੌਲ ਉੱਪਰਲੀਆਂ ਪਰਤਾਂ ਤੋਂ ਪੌਸ਼ਟਿਕ ਤੱਤ ਖਿੱਚਦੇ ਹਨ।

3. **ਉੱਨਤ ਸਿੰਜਾਈ ਤਕਨੀਕਾਂ** : ਤੁਪਕਾ ਸਿੰਜਾਈ (ਡ੍ਰਿਪ ਇਰੀਗੇਸ਼ਨ) ਅਪਣਾਓ ਤੇ ਕਾਸ਼ਤ ਤੋਂ ਪਹਿਲਾਂ ਜ਼ਮੀਨ ਨੂੰ ਪੱਧਰਾ ਕਰੋ। ਇਸ ਨਾਲ ਪਾਣੀ ਦੀ ਬੱਚਤ ਹੋਵੇਗੀ ਤੇ ਖਾਦ ਸਿੱਧਾ ਬੂਟਿਆਂ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰੇਗੀ।

4. **ਯੂਰੀਆ ਦੀ ਸਹੀ ਵਰਤੋਂ** : ਯੂਰੀਆ ਦਾ ਛਿੜਕਾਅ ਸ਼ਾਮ ਨੂੰ ਵਧੇਰੇ ਪ੍ਰਭਾਵਸ਼ਾਲੀ ਹੁੰਦਾ ਹੈ, ਜਿਸ ਦੇ ਨਤੀਜੇ ਵਜੋਂ ਘੱਟ ਖਾਦ ਨਾਲ ਬਿਹਤਰ ਨਤੀਜੇ ਮਿਲਦੇ ਹਨ।


5. **ਪਸ਼ੂ-ਧਨ ਤੇ ਜੈਵਿਕ ਸੰਤੁਲਨ** : ਪਸ਼ੂ ਪਾਲਣ ਨੂੰ ਉਤਸ਼ਾਹਿਤ ਕਰੋ, ਤਾਂ ਜੋ ਗੋਬਰ ਖਾਦ ਦੀ ਵਰਤੋਂ ਵਧੇ। ਇਸ ਨਾਲ ਲੰਬੇ ਸਮੇਂ ਦੀ ਉਤਪਾਦਕਤਾ ਬਣੀ ਰਹੇਗੀ ਤੇ ਮਿੱਟੀ ਨੂੰ ਆਰਾਮ ਮਿਲੇਗਾ।

ਜੇਕਰ ਅਸੀਂ ਅੱਜ ਆਪਣੀ ਮਿੱਟੀ ਦੀ ਰੱਖਿਆ ਨਹੀਂ ਕੀਤੀ ਤਾਂ ਸਾਡਾ ਭਵਿੱਖ ਅਸੁਰੱਖਿਅਤ ਹੋ ਜਾਵੇਗਾ। ਹੁਣ ਸਮਾਂ ਹੈ ਕਿ ਅਸੀਂ ਰਸਾਇਣਾਂ ਪ੍ਰਤੀ ਮੋਹ ਨੂੰ ਛੱਡ ਦੇਈਏ ਅਤੇ ਕੁਦਰਤ ਵੱਲ ਵਾਪਸ ਪਰਤ ਆਈਏ। ਟਿਕਾਊ ਖੇਤੀਬਾੜੀ ਸਿਰਫ਼ ਇੱਕ ਬਦਲ ਨਹੀਂ, ਇਹ ਕਿਸਾਨਾਂ, ਖਪਤਕਾਰਾਂ ਤੇ ਸਮੁੱਚੇ ਦੇਸ਼ ਦੇ ਬਚਾਅ ਲਈ ਇੱਕ ਜ਼ਰੂਰਤ ਹੈ।




ਮਿੱਟੀ ਦੀ ਇੱਕ ਇੰਚ ਪਰਤ ਤਿਆਰ ਹੋਣ ਵਿੱਚ ਇੱਕ ਹਜ਼ਾਰ ਵਰ੍ਹਾ ਲੱਗ ਜਾਂਦਾ ਹੈ ਅਤੇ ਕੁਦਰਤਨ ਜਰਖੇਜ਼ ਹੋਣ ਵਿੱਚ ਤਿੰਨ ਸਦੀਆਂ। ਮਿੱਟੀ ਦੀਆਂ ਉਪਜਾਊ ਪਰਤਾਂ ਨੂੰ ਸਿਰਜਣ ਅਤੇ ਫਿਰ ਸੰਭਾਲਣ ਵਿੱਚ ਬਨਸਪਤੀ ਅਤੇ ਪੌਦਿਆਂ ਦਾ ਵੱਡਾ ਯੋਗਦਾਨ ਹੈ। ਇਹ ਮਿੱਟੀ ਸਾਡੀ ਖੇਤੀ ਦਾ ਆਧਾਰ ਹੈ। ਵੀਰਾਨ ਅਤੇ ਰੁੱਖ ਵਿਹੂਣੀ ਇਕ ਹੈਕਟੇਅਰ ਭੂਮੀ ਹਰ ਵਰ੍ਹੇ 30 ਟਨ ਮਿੱਟੀ ਗੁਆ ਬਹਿੰਦੀ ਹੈ। ਮੌਨਸੂਨੀ ਹੜ੍ਹਾਂ ਅਤੇ ਤੇਜ਼ ਹਨੇਰੀਆਂ ਵਿੱਚ ਇਹ ਭੌਂ-ਖੋਰ ਬੜੀ ਤੇਜ਼ ਹੁੰਦੀ ਹੈ। ਬਨਸਪਤੀ ਦੀਆਂ ਜੜ੍ਹਾਂ ਅਤੇ ਰੋਕਾਂ ਹੀ ਸਾਡੀ ਮਿੱਟੀ ਨੂੰ ਬਚਾਉਂਦੀਆਂ ਹਨ। ਭਾਰਤ ਅਤੇ ਪਾਕਿਸਤਾਨ ਵਿਚਲੇ ਥਾਰ ਦੀ ਦੋ ਹਜ਼ਾਰ ਵਰ੍ਹੇ ਪੁਰਾਣੀ ਦਾਸਤਾਂ ਅਸਲ ਵਿੱਚ ਮਨੁੱਖ ਦੇ ਕੁਦਰਤ ਪ੍ਰਤੀ ਗਲਤ ਵਿਵਹਾਰ ਦੀ ਹੀ ਵਿੱਥਿਆ ਹੈ।

ਭੌਂ-ਖੋਰ, ਇਹ ਅਸਲੋਂ ਇੱਕ ਨਵਾਂ ਅਤੇ ਗੈਰ-ਚਰਚਿਤ ਵਿਸ਼ਾ ਹੈ। ਕੁਦਰਤ ਦੁਆਰਾ ਅਤੇ ਕੁਦਰਤ ਵਿਰੋਧੀ ਮਨੁੱਖ ਦੀਆਂ ਗੈਰ-ਵਿਗਿਆਨਕ ਗਤੀਵਿਧੀਆਂ ਅਤੇ ਵਰਤੇ ਕੁਦਰਤੀ-ਸੋਮਿਆਂ ਦੀ ਮੁੜ-ਭਰਪਾਈ ਨਾ ਕਰਨ ਕਾਰਨ ਧਰਤੀ ਦਾ ਖੁਰਚਿਆ ਜਾਣਾ, ਭੌਂ-ਖੋਰ ਕਹਿਲਾਉਂਦਾ ਹੈ। ਭੂਮੀ ਦੇ ਕਣਾਂ ਦਾ ਪਾਣੀ, ਹਵਾ, ਗਤੀ (ਫੋਰਸ) ਜਾਂ ਜੀਵਕ-ਗਤੀਵਿਧੀਆਂ ਦੁਆਰਾ ਨਿੱਖੜ ਕੇ ਇੱਕ ਥਾਂ ਤੋਂ ਦੂਜੀ ਥਾਂ ਜਾਣ ਨੂੰ ਵੀ ਭੌਂ-ਖੋਰ ਆਖਦੇ ਹਨ। ਸੀਮਤ ਅਤੇ ਸਾਧਾਰਨ ਭੌਂ-ਖੋਰ ਕੁਦਰਤ ਦੀ ਆਮ ਪ੍ਰਕਿਰਿਆ ਹੈ। ਇਹ ਨੁਕਸਾਨਦਾਇਕ ਵੀ ਨਹੀਂ ਸੀ। ਦਰ-ਹਕੀਕਤ ਭੂਮੀ-ਖੋਰ ਉਦੋਂ ਸ਼ੁਰੂ



ਹੋਇਆ, ਜਦੋਂ ਇਨਸਾਨ ਨੇ ਆਪਣੀਆਂ ਲੋੜਾਂ ਅਤੇ ਫਿਰ ਖੇਤੀ ਲਈ ਧਰਤੀ ਉੱਤੇ ਪਹਿਲਾ ਟੱਕ ਮਾਰਿਆ। ਜਿਉਂ-ਜਿਉਂ ਮਨੁੱਖ ਦੀ ਲੋੜ ਅਤੇ ਲਾਲਸਾ ਵਧਦੀ ਗਈ, ਭੂਮੀ-ਖੋਰ ਵੀ ਵਧਦੀ ਗਈ। ਹੁਣ ਇਸ ਨੇ ਵਿਕਰਾਲ ਰੂਪ ਧਾਰਨ ਕਰ ਲਿਆ ਹੈ। ਭੌਂ-ਖੋਰ ਦੇ ਦੋ ਵੱਡੇ ਕੁਦਰਤੀ ਕਾਰਨ ਹਨ; ਪਾਣੀ ਅਤੇ ਹਵਾ। ਕੁਦਰਤਨ ਹੀ, ਭੂ-ਤਤਵੀ ਅਤੇ ਢਾਲੂ ਸਤਾਹ ਕਾਰਨ ਖੋਰ ਤਾਂ ਲਗਾਤਾਰ ਜਾਰੀ ਰਹਿੰਦੀ ਹੈ ਪਰ ਬਹੁਤ ਸੀਮਤ ਅਤੇ ਧੀਮੀ ਹੋਣ ਕਾਰਨ ਇਹ ਕੁਦਰਤੀ ਹੁੰਦੀ ਹੈ।

ਜੇ ਹਰ ਹਫਤੇ ਇੱਕ ਹੈਕਟੇਅਰ ਵਿੱਚੋਂ ਇੱਕ ਘਨਮੀਟਰ ਪਰਤ ਰੁੜ੍ਹਦੀ ਰਹੇ ਅਤੇ ਇਹ ਕਿਰਿਆ ਇੱਕ ਪੀੜ੍ਹੀ (ਅਰਥਾਤ 25 ਵਰ੍ਹੇ) ਤੱਕ ਜਾਰੀ ਰਹੇ ਤਾਂ ਕਰੀਬ 28 ਸੈਂਟੀਮੀਟਰ ਉਤਲੀ ਤਹਿ ਰੁੜ੍ਹ-ਖੁਰ ਜਾਵੇਗੀ। ਦੇਸ਼ ਦਾ ਅੱਧ ਭੌਂ-ਖੋਰ ਹੇਠਾਂ ਆ ਚੁੱਕਾ ਹੈ। ਆਨਾਜ ਕੋਠੜੀ ਪੰਜਾਬ ਦਾ ਹਾਲ ਵੀ ਚੰਗਾ ਨਹੀਂ। ਇਸ ਦਾ ਦੱਖਣੀ ਹਿੱਸਾ ਜਿੱਥੇ ਹਵਾ-ਖੋਰ ਦਾ ਸ਼ਿਕਾਰ ਹੈ, ਉੱਥੇ ਕੇਂਦਰੀ ਪੰਜਾਬ 'ਚ ਉੱਪਰਲੀ ਪਰਤ ਦੀ ਖੁਰਚਾਈ ਹੋ ਰਹੀ ਹੈ। ਨਦੀ-ਨਾਲੇ ਕੰਢੇ ਅਤੇ ਆਧਾਰ ਖੋਰ ਰਹੇ ਹਨ। ਕੰਢੀ ਖੇਤਰ ਬੁਰੀ ਤਰ੍ਹਾਂ ਕੱਟ-ਵੱਢ ਦਾ ਸ਼ਿਕਾਰ ਹੈ। ਇਕੱਲੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਜਿੱਥੇ ਸਾਲ 1852 'ਚ 48,206 ਏਕੜ ਰਕਬਾ ਭੌਂ-ਖੋਰ ਅਤੇ ਚੋਆਂ ਦੀ ਮਾਰ ਹੇਠਾਂ ਸੀ, ਸਾਲ 1897 ਵਿੱਚ 94,236 ਏਕੜ ਅਤੇ ਸਾਲ 1936 ਵਿੱਚ ਇਹ ਡੇਢ ਲੱਖ ਏਕੜ ਤੋਂ ਵੀ ਉੱਪਰ ਹੋ ਗਿਆ ਸੀ। ਹੁਣ ਪਹਾੜਾਂ ਦੇ ਰੁੰਡ-ਮਰੁੰਡ ਹੋਣ ਨਾਲ ਸਥਿਤੀ ਹੋਰ ਵੀ ਬਦ ਤੋਂ ਬਦਤਰ ਹੋ ਗਈ ਹੈ। ਮੀਂਹ ਭਾਵੇਂ ਘੱਟ ਅਤੇ ਅਣਸਾਵੇਂ ਪੈਂਦੇ ਹਨ, ਪ੍ਰੰਤੂ ਨੰਗੀ ਧਰਤੀ ਹੁਣ ਬਹੁ-ਪਰਤੀ ਭੂਮੀ ਖੋਰ ਅਤੇ ਕੱਟ-ਵੱਢ ਦੀ ਸ਼ਿਕਾਰ ਹੈ। ਮਨੁੱਖ ਵੱਲੋਂ ਕੁਦਰਤੀ ਜਲ-ਵਹਿਣ ਮੱਲ ਲੈਣ ਕਾਰਨ ਹੜ੍ਹਾਂ ਦੀ ਭਿਆਨਕਤਾ ਵੀ ਵਧ ਗਈ ਹੈ। ਭਾਰਤੀ ਖੇਤੀ ਖੋਜ ਕੌਂਸਲ ਅਨੁਸਾਰ ਇਸ ਸਮੇਂ ਸਾਡੇ ਦੇਸ਼ ਦੇ ਕੁੱਲ ਭੂਗੋਲਿਕ ਰਕਬੇ ਨੂੰ ਪਾਣੀ ਅਤੇ ਪੌਣ-ਖੁਰਨ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਸ ਵਿੱਚੋਂ ਸੱਤ ਕਰੋੜ ਹੈਕਟੇਅਰ ਖੇਤਰ ਭੌਂ-ਖੁਰਨ ਦੇ ਕਾਰਨ ਅਤਿਅੰਤ ਗੰਭੀਰ ਰੂਪ ਵਿੱਚ ਖਰਾਬ ਹੋ ਚੁੱਕਾ ਹੈ। ਭੂ-ਵਿਗਿਆਨੀਆਂ ਦੀ ਰਾਇ ਹੈ ਕਿ ਭਾਰਤ ਵਿੱਚ ਫੀ ਸਾਲ ਸੱਤਰ ਹਜ਼ਾਰ ਵਰਗ ਫੁੱਟ ਭੂਮੀ ਅਤੇ ਲਗਭਗ ਛੇ ਅਰਬ ਟਨ ਮਿੱਟੀ ਦਾ ਕਟਾਅ ਹੁੰਦਾ ਹੈ, ਜੋ ਆਪਣੇ ਨਾਲ ਪੌਦਿਆਂ ਲਈ ਲੋੜੀਂਦੀਆਂ ਲਗਭਗ 90 ਲੱਖ ਟਨ ਰਸਾਇਣੀ ਖਾਦਾਂ ਅਤੇ ਉਨ੍ਹਾਂ ਦੇ ਪੌਸ਼ਕ ਤੱਤਾਂ ਨੂੰ ਰੋੜ੍ਹ ਕੇ ਲੈ ਜਾਂਦੀ ਹੈ। ਦੇਸ਼ ਵਿੱਚ ਵਧਦੇ ਹੋਏ ਭੌਂ-ਖੁਰਨ ਦੇ ਕਾਰਨ ਹਰ ਸਾਲ ਤਿੰਨ ਹਜ਼ਾਰ ਕਰੋੜ ਰੁਪਏ ਦੀ ਹਾਨੀ ਹੁੰਦੀ ਹੈ ਅਤੇ ਜੇ ਆਉਣ ਵਾਲੇ 20 ਵਰ੍ਹਿਆਂ ਤੱਕ ਇਹੋ ਹਾਲਾਤ ਰਹੇ ਤਾਂ ਇੱਕ ਤਿਹਾਈ ਖੇਤੀਯੋਗ ਭੂਮੀ ਨਸ਼ਟ ਹੋ ਜਾਵੇਗੀ। ਇਸ ਤੋਂ ਇਲਾਵਾ ਭੌਂ-ਖੁਰਨ ਦੇ ਕਾਰਨ ਬਨਸਪਤੀ ਵੀ ਹੌਲੀ-ਹੌਲੀ ਨਸ਼ਟ ਹੋਣ ਲਗਦੀ ਹੈ ਅਤੇ ਧਰਤੀ ਦੇ ਤਲ ਦੀ ਉਪਰਲੀ ਜਰਖੇਜ਼ੀ ਤਹਿ ਖਤਮ ਹੋ ਜਾਂਦੀ ਹੈ, ਫਲਸਰੂਪ ਸਮਾਂ ਪਾ ਕੇ ਉਹ ਹਿੱਸਾ ਰੇਗਿਸਤਾਨ ਵਿੱਚ ਤਬਦੀਲ ਹੋ ਜਾਂਦਾ ਹੈ।

**ਮੁੱਕਦੀ ਗੱਲ, ਸਿਰਜਣ ਅਤੇ ਪੋਸ਼ਣ ਦੀ ਸਮਰੱਥਾ ਰੱਖਣ ਵਾਲੀ ਭੂਮੀ ਸਮੁੱਚੀ ਬਨਸਪਤੀ ਅਤੇ ਪ੍ਰਾਣੀ-ਸੰਸਾਰ ਦੀ ਹੋਂਦ ਦਾ ਆਧਾਰ ਹੈ। ਮਾਨਵ-ਜਾਤ ਅਤੇ ਜੀਵ-ਜੰਤੂਆਂ ਦੀ ਹੋਂਦ ਲਈ ਨਾ ਕੇਵਲ ਵਿਗਿਆਨਕ ਢੰਗ ਨਾਲ ਵੱਧ ਤੋਂ ਵੱਧ ਸਦ-ਉਪਯੋਗ ਲਾਜ਼ਮੀ ਹੈ, ਸਗੋਂ ਭੂਮੀ ਦੀ ਸਮੁਚਿਤ ਸੁਰੱਖਿਆ ਕਰਨਾ ਵੀ ਅਤਿਅੰਤ ਜ਼ਰੂਰੀ ਹੈ। ਸਾਨੂੰ ਪਹਾੜਾਂ-ਮੈਦਾਨਾਂ ਦੀ ਮਿੱਟੀ ਖੜ੍ਹਾਉਣੀ ਪਵੇਗੀ ਨਹੀਂ ਤਾਂ ਬੜੀ ਦੇਰ ਹੋ ਜਾਵੇਗੀ।**

ਪੰਜਾਬ 'ਚ ਹੁਣ ਮੁੱਖ ਤੌਰ 'ਤੇ ਹਵਾ ਦੀ ਬਜਾਏ, ਬਹੁਤੀ ਭੌਂ-ਖੋਰ ਪਾਣੀ ਨਾਲ ਹੋ ਰਹੀ ਹੈ। ਭੂਮੀ ਖੋਰ ਦੋ ਕਿਸਮ ਦਾ ਹੁੰਦਾ ਹੈ, ਕੁਦਰਤੀ (ਸਹਿਜ) ਅਤੇ ਵਧਿਆ ਹੋਇਆ (ਮਨੁੱਖੀ ਆਪ ਹੁਦਰੀਆਂ ਕਾਰਨ)। ਜਦੋਂ ਭੂਮੀ ਖੋਰ ਦੀ ਦਰ ਭੂਮੀ ਬਣਤਰ ਦੀ ਦਰ ਤੋਂ ਘੱਟ ਜਾਂ ਬਰਾਬਰ ਹੋਵੇ ਤਾਂ ਇਸ ਨੂੰ ਕੁਦਰਤੀ ਜਾਂ ਸਹਿਜ ਕਿਹਾ ਜਾਂਦਾ ਹੈ, ਪ੍ਰੰਤੂ ਇਹ ਉਸੇ ਸਥਿਤੀ ਵਿੱਚ ਹੁੰਦਾ ਹੈ, ਜਦੋਂ ਭੂਮੀ ਬਨਸਪਤੀ ਨਾਲ ਪੂਰੀ ਤਰ੍ਹਾਂ ਢਕੀ ਹੋਈ ਹੋਵੇ। ਪ੍ਰੰਤੂ ਹੁਣ ਅਜਿਹਾ ਨਹੀਂ ਹੈ।

ਮਨੁੱਖੀ ਲੋੜਾਂ, ਲਾਲਸਾ ਕਾਰਨ ਭੂਮੀ ਨੰਗ-ਧੜੰਗੀ ਕਰ ਦਿੱਤੀ ਗਈ ਹੈ। ਉਸ ਦੀ ਵਰਤੋਂ ਵੀ ਉਸ ਦੀ ਯੋਗਤਾ ਅਨੁਸਾਰ ਨਹੀਂ ਹੋ ਰਹੀ, ਜਿਸ ਕਾਰਨ ਭੂਮੀ ਖੋਰ ਅਤੇ ਮਾਰੂਥਲੀਕਰਨ ਵਧ ਰਿਹਾ ਹੈ।

ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ 'ਜੇ ਮਿੱਟੀ ਅਤੇ ਪਾਣੀ ਹੈ, ਤਦ ਹੀ ਬਨਸਪਤੀ (ਜੰਗਲ) ਹੈ। ਜੰਗਲ ; ਜੋ ਵਰਖਾ ਦੇ ਸਾਕਸ਼ੀ ਹਨ, ਵਰਖਾ; ਪਾਣੀ ਦਾ ਮੁੱਢਲਾ ਸੋਮਾ ਹੈ, ਪਾਣੀ-ਮਿੱਟੀ; ਜੀਵਨ ਆਧਾਰ ਹਨ।' ਭੌਂ ਖੋਰ ਨਾਲ ਧਰਤੀ ਦੀ ਉਪਜਾਊ ਪਰਤ ਗੁਆਚ ਜਾਂਦੀ ਹੈ, ਮੈਦਾਨੀ ਜਲ ਵਹਿਣਾ ਅਤੇ ਪਾਟ ਭਰਨ ਨਾਲ ਹੜ੍ਹਾਂ ਦਾ ਖਤਰਾ, ਜਲ-ਕੁੰਡ ਮਿੱਟੀ ਨਾਲ ਪੂਰ ਹੋਣ ਨਾਲ ਜਲ-ਗ੍ਰਹਿਣ ਸਮਰੱਥਾ 'ਚ ਘਾਟਾ, ਜ਼ਮੀਨ ਦਾ ਟੋਟਿਆਂ-ਟੋਟਿਆਂ ਵਿੱਚ ਵੰਡੇ ਜਾਣਾ, ਜਲ ਤਲ ਦਾ ਨੀਵੇਂ ਤੋਂ ਨੀਵਾਂ ਹੁੰਦੇ ਜਾਣਾ, ਸਮੁੰਦਰ ਦਾ ਤਲ ਉੱਚਾ ਹੁੰਦੇ ਜਾਣਾ, ਵਰਖਾ ਗੜਬੜਾ ਜਾਣਾ ਤੋਂ ਬਿਨਾਂ ਖਾਧ ਪਦਾਰਥਾਂ ਦੀ ਪੈਦਾਵਾਰ ਦਾ ਘਟਣਾ ਅਤੇ ਸੰਪਤੀਆਂ ਸਮੇਤ ਜਾਨਾਂ ਦਾ ਖੋਹ ਆਦਿ ਇਸ ਦੀਆਂ ਭੈੜੀਆਂ ਅਲਾਮਤਾਂ ਹਨ। ਜਲ ਅਤੇ ਹਵਾ ਨਾਲ ਲਗਾਤਾਰ ਹੁੰਦੀ ਭੌਂ-ਖੋਰ, ਕੱਟ-ਵੱਢ ਅਤੇ ਉਡਾਈ, ਉਪਰੰਤ ਸਾਡੇ ਪੱਲੇ ਦਰਾੜਾਂ ਅਤੇ ਮਾਰੂਥਲ ਤਾਂ ਪਾ ਹੀ ਜਾਵੇਗੀ, ਸਗੋਂ ਅਸੀਂ ਸਮੁੰਦਰ ਕੰਢਲੇ ਸ਼ਹਿਰਾਂ ਅਤੇ ਨੀਵੇਂ ਮੁਲਕਾਂ ਨੂੰ ਵੀ ਲੈ ਬੈਠਾਂਗੇ। ਲੱਗਦਾ, ਅਸੀਂ ਹੱਥੀਂ ਉਜਾੜੇ ਰਾਜਸਥਾਨ ਦੀ ਹੋਣੀ ਨੂੰ ਭੁੱਲ ਗਏ ਹਾਂ। ਕਿਸੇ ਸਮੇਂ ਸਾਰੇ ਸਥਾਨਾਂ 'ਚੋਂ ਰਾਜ (ਸਿਰਮੌਰ) ਸਥਾਨ ਰੱਖਦਾ ਸਰ-ਸਬਜ਼ ਇਹ ਖਿੱਤਾ ਕੁਝ ਹੀ ਦਹਿ-ਸਦੀਆਂ ਵਿੱਚ ਉਦੋਂ ਧੂੜ ਤੇ ਟੋਇਆਂ ਵਿੱਚ ਬਦਲ ਗਿਆ, ਜਦੋਂ ਜੰਗਲ ਰੁੱਸ ਗਏ। ਤਵਾਰੀਖ ਗਵਾਹ ਹੈ ਕਿ ਜ਼ਰੂਰੀ ਵਰਤੋਂ ਉਪਰੰਤ ਕੁਦਰਤੀ ਸੋਮਿਆਂ ਦੀ ਮੁੜ-ਭਰਪਾਈ ਨਾਂਹ ਕਰਨ ਵਾਲੀ ਤਕਰੀਬਨ ਹਰ 'ਸਲਤਨਤ' ਦਾ ਅੰਤ ਦਰਾੜਾਂ ਅਤੇ ਮਾਰੂਥਲ ਦੇ ਜਨਮ ਨਾਲ ਹੋਇਆ ਹੈ। ਮੌਜੂਦਾ ਮਾਰੂਥਲ (ਰੇਗਿਸਤਾਨ) ਮਰਾਕੋ, ਅਲਜ਼ੀਰੀਆ ਅਤੇ ਟਿਊਨੇਸ਼ੀਆ ਕਿਸੇ ਵਕਤ ਰੋਮਨ ਸ਼ਹਿਨਸ਼ਾਹੀ ਦੇ ਪ੍ਰਸਿੱਧ ਆਨਾਜ ਖੇਤਰ ਹੁੰਦੇ ਸਨ। ਇਸੇ ਦੀ ਉਪਜ ਇਟਲੀ ਅਤੇ ਸਿਸਲੀ ਦਾ ਭੌਂ-ਖੋਰ ਹੈ। ਮੈਸੋਪਟਾਮੀਆਂ, ਫਲਸਤੀਨ, ਸੀਰੀਆ ਅਤੇ ਅਰਬ ਦੇ ਕੁਝ ਭਾਗ, ਉਰ, ਸੁਮੇਰੀਆ, ਬੇਬੀਲੋਨ ਅਤੇ ਅਸੀਰੀਆ ਕਦੇ ਮਹਾਨ ਬਾਦਸ਼ਾਹੀਆਂ ਦੇ ਮਾਣ-ਮੱਤੇ ਤਖਤ ਸਨ। ਕੱਲ੍ਹ ਦਾ ਉਪਜਾਊ ਪਰਸ਼ੀਆ ਅੱਜ ਦਾ ਮਾਰੂਥਲ ਹੈ। ਸਿਕੰਦਰ ਦਾ ਹਰਿਆ-ਭਰਿਆ ਯੂਨਾਨ ਅੱਜ ਆਪਣੀ ਬੰਜਰ ਭੂਮੀ ਕਾਰਨ ਝੂਰ ਰਿਹਾ ਹੈ। ਕਿਉਂ। ਇਨ੍ਹਾਂ ਕੁਦਰਤ ਦੀ ਅਸਮਤ ਜੁ ਲੀਰੋ-ਲੀਰ ਕਰ ਦਿੱਤੀ ਸੀ। ਸਾਡੇ ਆਪਣੇ ਮੋਹਿੰਜੋਦੜੋ ਅਤੇ ਹੜੱਪਾ ਵਰਗੇ ਸੱਭਿਅਕ ਖਿੱਤਿਆਂ ਦਾ ਕੀ ਬਣਿਆਂ ? ਕੀ ਅਸੀਂ ਬਚੇ ਰਹਾਂਗੇ ?

ਮੁੱਕਦੀ ਗੱਲ, ਸਿਰਜਣ ਅਤੇ ਪੋਸ਼ਣ ਦੀ ਸਮਰੱਥਾ ਰੱਖਣ ਵਾਲੀ ਭੂਮੀ ਸਮੁੱਚੀ ਬਨਸਪਤੀ ਅਤੇ ਪ੍ਰਾਣੀ-ਸੰਸਾਰ ਦੀ ਹੋਂਦ ਦਾ ਆਧਾਰ ਹੈ। ਮਾਨਵ-ਜਾਤ ਅਤੇ ਜੀਵ-ਜੰਤੂਆਂ ਦੀ ਹੋਂਦ ਲਈ ਨਾ ਕੇਵਲ ਵਿਗਿਆਨਕ ਢੰਗ ਨਾਲ ਵੱਧ ਤੋਂ ਵੱਧ ਸਦ-ਉਪਯੋਗ ਲਾਜ਼ਮੀ ਹੈ, ਸਗੋਂ ਭੂਮੀ ਦੀ ਸਮੁਚਿਤ ਸੁਰੱਖਿਆ ਕਰਨਾ ਵੀ ਅਤਿਅੰਤ ਜ਼ਰੂਰੀ ਹੈ। ਸਾਨੂੰ ਪਹਾੜਾਂ-ਮੈਦਾਨਾਂ ਦੀ ਮਿੱਟੀ ਖੜ੍ਹਾਉਣੀ ਪਵੇਗੀ ਨਹੀਂ ਤਾਂ ਬੜੀ ਦੇਰ ਹੋ ਜਾਵੇਗੀ। ਆਓ ! ਆਪਣੇ ਵਾਰਸਾਂ ਲਈ ਤੁਰੰਤ-ਪੈਰੀਂ ਇਸ ਨਾਅਰੇ 'ਤੇ ਅਮਲ ਕਰੀਏ -

'ਖੇਤ ਦੀ ਮਿੱਟੀ ਖੇਤ 'ਚ, ਖੇਤ ਦਾ ਪਾਣੀ ਖੇਤ 'ਚ।
ਪਿੰਡ ਦੀ ਮਿੱਟੀ ਪਿੰਡ ਵਿੱਚ, ਪਿੰਡ ਦਾ ਪਾਣੀ ਪਿੰਡ ਵਿੱਚ।'
ਆਓ 'ਬਿਰਖਾਂ (ਦਰਖਤਾਂ) ਦੀ ਗੱਲ ਕਰੀਏ, ਦਰਿਆਵਾਂ ਦੀ ਬਾਂਹ ਫੜੀਏ, ਧਰਤੀ ਦਾ ਅਦਬ ਕਰੀਏ ॥'

**ਵਿਜੈ ਬੰਬੇਲੀ**

# ਨਵੇਂ ਬੀਜ ਬਿੱਲ ਦਾ ਕਿਸਾਨੀ 'ਤੇ ਅਸਰ



ਡਾ. ਅਮਨਪ੍ਰੀਤ ਸਿੰਘ ਬਰਾੜ
ਮੋ. 96537-9000

**ਕਿਹਾ ਜਾਂਦਾ ਹੈ ਕਿ ਨਵਾਂ ਸੀਡ ਬਿੱਲ ਕਿਸਾਨਾਂ ਦੀਆਂ ਕਈ ਮੁਸ਼ਕਲਾਂ ਹੱਲ ਕਰੇਗਾ । ਨਕਲੀ ਬੀਜ ਬਾਜ਼ਾਰ ਵਿੱਚੋਂ ਖ਼ਤਮ ਕਰੇਗਾ ਪਰ ਇਸ ਬਿੱਲ ਬਾਬਤ ਤੌਖਲੇ ਵੀ ਬਹੁਤ ਜ਼ਿਆਦਾ ਹਨ ।**



ਭਾਰਤ ਵਿੱਚ ਖੇਤੀ ਖੋਜ ਅਤੇ ਪਸਾਰ ਮੁੱਖ ਤੌਰ 'ਤੇ ਸਰਕਾਰੀ ਅਦਾਰਿਆਂ ਵੱਲੋਂ ਹੀ ਕੀਤਾ ਜਾਂਦਾ ਰਿਹਾ ਹੈ । ਭਾਵੇਂ ਕੁੱਝ ਨਿੱਜੀ ਕੰਪਨੀਆਂ ਆਪਣੇ ਖੇਤੀ ਵਿੱਚ ਵਰਤੋਂ ਵਾਲੇ ਰਸਾਇਣ ਵੇਚਣ ਵਾਸਤੇ ਖੇਤਾਂ ਵਿੱਚ ਪ੍ਰਦਰਸ਼ਨੀ ਪਲਾਟ ਲਗਾ ਕੇ ਆਪਣੇ ਆਪ ਨੂੰ ਤਕਨਾਲੋਜੀ ਦੇ ਖੇਤਰ ਵਿੱਚ ਹਿੱਸਾ ਪਾਉਣਾ ਦੱਸ ਕੇ ਸਰਕਾਰੀ ਫੰਡਾਂ ਵਿੱਚੋਂ ਹਿੱਸਾ ਮੰਗਦੀਆਂ ਰਹੀਆਂ ਹਨ ਪਰ ਪਹਿਲੀਆਂ ਸਰਕਾਰਾਂ ਨੇ ਇਹ ਮੰਗ ਨਹੀਂ ਮੰਨੀ ।

ਕਹਿਣ ਦਾ ਮਤਲਬ ਇਹ ਹੈ ਕਿ ਖੇਤੀ ਖੋਜ ਜਾਂ ਪਸਾਰ ਦਾ ਕੰਮ ਭਾਰਤ ਵਿੱਚ ਕਿਸੇ ਦੇਸੀ ਜਾਂ ਵਿਦੇਸ਼ੀ ਕੰਪਨੀ ਨੇ ਕੀਤਾ, ਉਹ ਆਪਣਾ ਪੈਸਾ ਖ਼ਰਚ ਕੇ ਕੀਤਾ ਪਰ ਹੁਣ ਵਿਦੇਸ਼ੀ ਕੰਪਨੀਆਂ ਨੇ ਬਣੇ-ਬਣਾਏ ਸਰਕਾਰੀ ਅਦਾਰਿਆਂ ਵਿੱਚ ਪੈਰ ਧਰਨਾ ਸ਼ੁਰੂ ਕਰ ਦਿੱਤਾ ਹੈ । ਹੁਣ ਖੇਤੀ ਖੋਜ ਵਿੱਚ ਨਿੱਜੀ ਖੇਤਰ ਦੀ ਹਿੱਸੇਦਾਰੀ ਦਾ ਰਾਹ ਪੱਧਰਾ ਹੋ ਗਿਆ ਹੈ । ਸੰਨ 2023 ਵਿੱਚ ਬਿਲ ਗੇਟਸ ਜੋ ਬਿਲ ਐਂਡ ਮਲਿੰਡਾ ਫਾਊਂਡੇਸ਼ਨ ਦੇ ਮੁੱਖ ਸੰਪਾਦਕ ਹਨ, ਨੇ ਪੂਸਾ ਇੰਸਟੀਚਿਊਟ ਨਵੀਂ ਦਿੱਲੀ ਵਿੱਚ ਗੇੜਾ ਮਾਰਿਆ ਸੀ ਅਤੇ ਇੱਛਾ ਜ਼ਾਹਰ ਕੀਤੀ ਸੀ ਕਿ ਉਹ ਰਲ ਕੇ ਖੋਜ ਕਰਨ ਜਿਸ ਨਾਲ ਬਦਲਦੇ ਮੌਸਮ ਦੇ ਅਨੁਕੂਲ ਖੋਜ ਕਰ ਕੇ ਫ਼ਸਲਾਂ ਦੇ ਨਵੇਂ ਬੀਜ ਲਿਆਂਦੇ



ਜਾਣ । ਸਾਡੇ ਆਈਏਆਰਆਈ (ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ) ਜਿਸ ਨੂੰ ਪੂਸਾ ਇੰਸਟੀਚਿਊਟ ਵੀ ਕਿਹਾ ਜਾਂਦਾ ਹੈ, ਇਸ ਤੋਂ ਇਲਾਵਾ ਇੰਡੀਅਨ ਕੌਂਸਲ ਆਫ ਐਗਰੀਕਲਚਰਲ ਰਿਸਰਚ (ਆਈਸੀਏਆਰ) ਜਿਸ ਨਾਲ 113 ਖੋਜ ਕੇਂਦਰ ਅਤੇ 71 ਯੂਨੀਵਰਸਿਟੀਆਂ ਜੁੜੀਆਂ ਹਨ, ਇਹ ਸਾਰੇ ਹੀ ਵਿਸ਼ਵ ਪੱਧਰੀ ਖੋਜ ਕਰ ਰਹੇ ਹਨ, ਫਿਰ ਨਿੱਜੀ ਸੰਸਥਾਵਾਂ ਨੂੰ ਵਿੱਚ ਵਾੜਨ ਦੀ ਕੀ ਲੋੜ ਪੈ ਗਈ । ਅਸਲ ਵਿੱਚ ਸਾਰੇ ਕਾਰਪੋਰੇਟ ਚਾਹੇ ਉਹ ਸਾਡੇ ਹੋਣ ਜਾਂ ਬਾਹਰਲੇ, ਉਹ ਸਾਡੀ ਖੇਤੀ ਨੂੰ ਕੰਟਰੋਲ ਕਰਨਾ ਚਾਹੁੰਦੇ ਹਨ । ਨਵੇਂ ਖੇਤੀ ਕਾਨੂੰਨ ਜੋ ਹੁਣ ਰੱਦ ਹਨ, ਇਨ੍ਹਾਂ ਦੀ ਹੀ ਦੇਣ ਸਨ । ਹੁਣ ਇਹ ਵਲ ਭੁੰਨ ਕੇ ਦੁਬਾਰਾ ਹੰਬਲਾ ਮਾਰ ਰਹੇ ਹਨ । ਮਾਰਕੀਟਿੰਗ, ਪਸਾਰ ਤੋਂ ਪਹਿਲਾਂ ਹੀ ਇਨ੍ਹਾਂ ਦੇ ਹੱਥ ਵਿੱਚ ਜਾ ਚੁੱਕਾ ਹੈ । ਇਸ ਤੋਂ ਹਿਸਾਬ ਲੱਗਦਾ ਹੈ ਕਿ ਰੋਟੀ ਹਰੇਕ ਦੀ ਜ਼ਰੂਰਤ ਹੈ । ਕਿਉਂ ਨਾ ਇਕੱਲੀ ਇਸ ਦੀ ਮਾਰਕੀਟਿੰਗ ਦੀ ਬਜਾਏ ਇਸ ਦੀ ਪੈਦਾਵਾਰ ਨੂੰ ਹੀ ਕੰਟਰੋਲ ਕਰ ਲਿਆ ਜਾਵੇ । ਇਸ ਨੂੰ ਸਮਝਣ ਲਈ ਥੋੜ੍ਹਾ ਪਿੱਛੇ ਜਾਣਾ ਬਣਦਾ ਹੈ ।

ਜਦੋਂ ਤੱਕ ਗੈਟ (ਜਨਰਲ ਐਗਰੀਮੈਂਟ ਆਨ ਟਰੇਡ ਐਂਡ ਟੈਰਿਫ) ਰਿਹਾ, ਉਸ ਵਿੱਚੋਂ ਖੇਤੀ (ਭੋਜਨ) ਅਤੇ ਸਿਹਤ ਨੂੰ ਬਾਹਰ ਰੱਖਿਆ ਗਿਆ ਪਰ ਇਹ ਗੱਲ ਵਿਕਸਿਤ ਦੇਸ਼ਾਂ ਨੂੰ ਮਨਜ਼ੂਰ ਨਹੀਂ ਹੋਈ । ਉਨ੍ਹਾਂ ਨੇ ਆਪਣੇ ਪਲਾਂਟ ਬਰੀਡਰਾਂ ਦੀ ਖੋਜ ਨੂੰ ਇੰਟਲੈਕਚੂਅਲ ਪ੍ਰਾਪਰਟੀ ਰਾਈਟ ਹੇਠ ਲਿਆ ਕੇ ਆਪਣੇ ਹਿਸਾਬ ਨਾਲ ਸੂਈ-ਜੈਨਰਿਸ ਤਹਿਤ ਪੇਟੈਂਟ ਕਰਨਾ ਸ਼ੁਰੂ ਕਰ ਦਿੱਤਾ । ਇਸ ਨੂੰ 1961 ਵਿੱਚ ਮੋਡੀਫਾਈ ਕਰ ਕੇ ਇੰਟਰਨੈਸ਼ਨਲ ਯੂਨੀਅਨ ਫਾਰ



ਦਿ ਪ੍ਰੋਟੈਕਸ਼ਨ ਆਫ ਨਿਊ ਵਰਾਈਟੀਜ਼ ਆਫ ਪਲਾਂਟ (ਯੂਪੀਓਵੀ) ਬਣਾ ਦਿੱਤਾ । ਸਾਲ 1978 ਵਿੱਚ ਅਮਰੀਕਾ ਨੂੰ ਵੀ ਇਸ ਅਦਾਰੇ ਨਾਲ ਜੁੜਨ ਦੀ ਮਾਨਤਾ ਮਿਲ ਗਈ ਬਿਨਾਂ ਆਪਣਾ ਕਾਨੂੰਨ ਬਦਲੇ । ਸੰਨ 1978 ਵਿੱਚ ਯੂਪੀਓਵੀ ਦੀ ਕਨਵੈਨਸ਼ਨ ਵਿੱਚ ਪਲਾਂਟ ਬਰੀਡਰ ਦੀ ਤਕਰੀਬਨ ਚੜ੍ਹਤ ਹੋ ਗਈ ਪਰ ਇਸ ਵੇਲੇ ਟਰੇਡ ਰਿਲੇਟਡ ਇੰਟੈਕਚੂਅਲ ਪ੍ਰੋਪਰਟੀ ਰਾਈਟਸ (ਟੀਆਰਆਈਪੀਐਸ) ਨੇ ਦੋ ਲੋਕਾਂ ਨੂੰ ਇਸ ਤੋਂ ਬਾਹਰ ਰੱਖਿਆ । ਪਹਿਲਾਂ, ਹੋਰ ਪਲਾਂਟ ਬਰੀਡਰ ਜਿਨ੍ਹਾਂ ਨੇ ਉਸ ਨੂੰ ਵਰਤ ਕੇ ਹੋਰ ਵਰਾਇਟੀ ਤਿਆਰ ਕਰਨੀ ਹੈ । ਦੂਜਾ, ਕਿਸਾਨ ਯਾਨੀ ਉਹ ਆਪਣੇ ਉਸ ਖਰੀਦੇ ਬੀਜ ਵਿੱਚੋਂ ਅਗਾਂਹ ਲਈ ਬੀਜ ਰੱਖ ਸਕਦਾ ਹੈ । ਸੰਨ 1991 ਵਿੱਚ ਇਸ ਨੂੰ ਦੁਬਾਰਾ ਬਦਲਿਆ ਜਿਸ ਤਹਿਤ ਪਲਾਂਟ ਬਰੀਡਰ ਨੂੰ ਹੋਰ ਪ੍ਰੋਟੈਕਸ਼ਨ ਦਿੱਤੀ ਜਿਸ ਤਹਿਤ ਉਨ੍ਹਾਂ ਦੀ ਪੂਰੀ ਚੜ੍ਹਤ ਹੋ ਗਈ । ਇਸ ਤਹਿਤ ਜੇ ਕਿਸੇ ਹੋਰ ਬਰੀਡਰ ਨੇ ਇਸ ਨੂੰ ਵਰਤਣਾ ਹੈ ਤਾਂ ਉਸ ਨੂੰ ਪਲਾਂਟ ਬਰੀਡਰ ਰਾਈਟ ਹੋਲਡਰ (ਪੀਬੀਆਰ) ਤਹਿਤ ਰਾਇਲਟੀ ਦੇਣੀ ਹੋਵੇਗੀ ਜੇ ਉਸ ਨਵੀਂ ਵਰਾਇਟੀ ਵਿੱਚ ਕੋਈ ਵੀ ਟਰੇਟ/ਗੁਣ ਪੁਰਾਣੀ ਕਿਸਮ ਦਾ ਹੈ ।

ਇਸ ਤਰ੍ਹਾਂ ਕਿਸਾਨ ਵੀ ਹੁਣ ਆਪਣੀ ਪੈਦਾਵਾਰ ਅਗਲੇ ਸਾਲ ਲਈ ਵਰਤ ਸਕਣਗੇ । ਜੇ ਉਨ੍ਹਾਂ ਨੇ ਵਰਤਣੀ ਹੈ ਤਾਂ ਉਨ੍ਹਾਂ ਨੂੰ ਵੀ ਮੁਆਵਜ਼ਾ ਦੇਣਾ ਪਵੇਗਾ ਜਾਂ ਬਰੀਡਰ ਤੋਂ ਮਨਜ਼ੂਰੀ ਲੈਣੀ ਪਵੇਗੀ । ਇਸ ਨੂੰ ਡਬਲਿਊਟੀਓ ਬਣਨ ਵਲੋਂ ਅੰਤਿਮ ਗੇੜ ਵਿੱਚ ਮਾਨਤਾ ਦਿੱਤੀ ਗਈ ਸੀ । ਇਸ ਨੂੰ ਲਾਗੂ ਕਰਨ ਨੂੰ ਦਸ ਸਾਲ ਦਿੱਤੇ ਗਏ ਸਨ । ਇਸ ਨੂੰ ਲਾਗੂ ਨਾ ਕਰਨ ਵਿੱਚ ਉਸ ਵੇਲੇ ਦੀਆਂ ਭਾਰਤ ਸਰਕਾਰਾਂ ਹਮੇਸ਼ਾ ਹੀ ਡਬਲਿਊਟੀਓ ਦੇ ਨਿਸ਼ਾਨੇ 'ਤੇ ਰਹਿੰਦੀਆਂ ਰਹੀਆਂ । ਇਹ ਹਾਲਾਤ ਸਾਨੂੰ ਕੁੱਝ ਵਿਕਸਤ ਦੇਸ਼ਾਂ ਵਿੱਚ ਦੇਖਣ ਨੂੰ ਮਿਲਦੇ ਹਨ । ਬ੍ਰਿਟਿਸ਼ ਸੁਸਾਇਟੀ ਫਾਰ ਪਲਾਂਟ ਪ੍ਰੋਟੈਕਸ਼ਨ ਨੇ 1995 ਵਿੱਚ ਸਕਾਟਲੈਂਡ ਦੇ ਕਿਸਾਨਾਂ 'ਤੇ ਕੋਰਟ ਵਿੱਚ ਉੱਚ ਪੱਧਰ ਦਾ ਕੇਸ ਕੀਤਾ ਕਿ ਇਹ ਕਿਸਾਨ ਦੂਜੇ ਕਿਸਾਨਾਂ ਨੂੰ ਆਲੂਆਂ ਦਾ ਬੀਜ ਵੇਚ ਰਹੇ ਹਨ । ਇਸ ਦੋਸ਼ ਵਿੱਚ ਅਦਾਲਤ ਨੇ ਕਿਸਾਨਾਂ ਨੂੰ 30000 ਪੌਂਡ ਦਾ ਜ਼ੁਰਮਾਨਾ ਕੀਤਾ ਤਾਂ ਕਿ ਜੋ ਘਾਟਾ ਸੀਡ (ਬੀਜ) ਕੰਪਨੀਆਂ ਨੂੰ ਪਿਆ ਹੈ, ਉਹ ਪੂਰਾ ਕੀਤਾ ਜਾ ਸਕੇ । ਇਸ ਤਰ੍ਹਾਂ ਦਾ ਕੇਸ ਅਮਰੀਕਾ ਵਿੱਚ ਐਸਗਰੋ ਸੀਡ ਕੰਪਨੀ ਨੇ ਉੱਥੋਂ ਦੇ ਕਿਸਾਨ ਡੈਨੀ ਅਤੇ ਉਸ ਦੀ ਪਤਨੀ ਬੈਕੀ ਵਿਨਟਰ ਬੋਇਰ 'ਤੇ ਕੀਤਾ ਸੀ । ਇਹ ਮੁਕੱਦਮਾ ਐਸਗਰੋਅ ਅਤੇ ਵਿਨਟਰ ਬੋਇਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ । ਇਸ ਕੇਸ ਦਾ ਫ਼ੈਸਲਾ 1995 ਵਿੱਚ ਆਇਆ ਸੀ । ਵਿਨਟਰ ਬੋਇਰ ਨੇ ਐਸਗਰੋ ਕੰਪਨੀ ਤੋਂ ਸੋਇਆਬੀਨ ਦਾ ਬੀਜ ਖ਼ਰੀਦਿਆ ਸੀ ਅਤੇ ਅਗੋਂ ਬੀਜ ਵਧਾ ਕੇ ਹੋਰ ਕਿਸਾਨਾਂ ਨੂੰ ਵੇਚ ਦਿੱਤਾ ।

ਕੰਪਨੀ ਦਾ ਤਰਕ ਸੀ ਕਿ ਇਹ ਕਿਸਮ ਪੇਟੈਂਟ ਹੋਈ ਹੈ ਅਤੇ ਕਿਸਾਨ ਅਗੋਂ ਬੀਜ ਨਹੀਂ ਵੇਚ ਸਕਦੇ । ਕਿਸਾਨਾਂ ਨੇ ਦਲੀਲ ਦਿੱਤੀ ਕਿ ਬੀਜ ਇੱਕ ਕਿਸਾਨ ਨੇ (ਵਿਨਟਰ ਬੋਇਰ) ਨੇ ਅਗੋਂ ਬੀਜ ਕਿਸਾਨਾਂ ਨੂੰ ਵੇਚਿਆ ਹੈ ਜੋ ਮੁੱਢਲੇ ਤੌਰ 'ਤੇ ਕੰਪਨੀ ਤੋਂ ਖ਼ਰੀਦਿਆ ਗਿਆ ਸੀ । ਇਹ ਕੇਸ ਤਾਂ ਵਿਨਟਰ ਬੋਇਰ ਦੇ ਹੱਕ ਵਿੱਚ ਹੋ ਗਿਆ ਪਰ ਅੱਗੇ ਤੋਂ ਕੰਪਨੀਆਂ ਨੇ ਸਰਕਾਰ ਤੋਂ ਕਾਨੂੰਨ ਹੀ ਬਦਲਵਾ ਦਿੱਤਾ । ਸਰਕਾਰਾਂ ਕਿਤੇ ਵੀ ਹੋਣ, ਕਾਰਪੋਰੇਟ ਦੇ ਹੱਕ ਵਿੱਚ ਹੀ ਭੁਗਤਦੀਆਂ ਹਨ । ਇਸ ਅੰਤਰਰਾਸ਼ਟਰੀ ਐਕਟ ਨੇ ਤਾਂ ਭਾਰਤ ਦੀ ਹਲਦੀ, ਨਿੰਮ, ਬਾਸਮਤੀ ਵੀ ਨਹੀਂ ਸੀ ਛੱਡੀ । ਸੰਨ 1995 ਦੇ ਐਕਟ ਹੇਠ ਹਲਦੀ ਨੂੰ ਵੀ ਪੇਟੈਂਟ ਕਰ ਲਿਆ ਗਿਆ, ਨਿੰਮ ਨੂੰ ਪੈਸਟੀਸਾਈਡ ਬਣਾ ਕੇ ਅਮਰੀਕਨ ਕੰਪਨੀ ਨੂੰ ਪੇਟੈਂਟ ਮਿਲ ਗਿਆ । ਸਾਡੀ ਬਾਸਮਤੀ ਨੂੰ 1997 ਵਿੱਚ ਅਮਰੀਕਾ ਦੀ ਰਾਈਸ ਟੈਕ ਕੰਪਨੀ ਨੇ ਪੇਟੈਂਟ ਕਰਵਾ ਲਿਆ ਅਤੇ ਉਸ ਨੂੰ ਦੋ ਟਰੇਡ ਮਾਰਕਾਂ ਦੇ ਨਾਂ 'ਤੇ ਵੇਚਣ ਲੱਗੀ । ਟੈਕਸਮਤੀ-ਜਿਸ ਨੂੰ ਅਮਰੀਕਨ ਸਟਾਈਲ ਦੇ ਚੌਲ ਕਿਹਾ ਗਿਆ ਅਤੇ ਬਾਸਮਤੀ ਜਿਸ ਨੂੰ ਇੰਡੀਅਨ ਸਟਾਈਲ ਦੇ ਚੌਲ ਕਿਹਾ ਗਿਆ । ਇਸ 'ਤੇ ਭਾਰਤ ਨੇ 2000 ਵਿੱਚ ਇਤਰਾਜ਼ ਜਤਾਇਆ ਤਾਂ ਤਿੰਨ ਵਰਾਇਟੀਆਂ ਬੀਐਸ 867, ਆਰਟੀ 117 ਅਤੇ ਆਰਟੀ 121 ਨੂੰ ਪੇਟੈਂਟ ਵਿੱਚੋਂ ਬਾਹਰ ਕੱਢ ਦਿੱਤਾ ਗਿਆ । ਅੱਜ ਕੱਲ੍ਹ ਨਵਾਂ ਸੀਡ ਬਿੱਲ ਚਰਚਾ ਵਿੱਚ ਹੈ । ਕਿਹਾ ਜਾਂਦਾ ਹੈ ਕਿ ਇਹ ਬਿੱਲ ਕਿਸਾਨਾਂ ਦੀਆਂ ਕਈ ਮੁਸ਼ਕਲਾਂ ਹੱਲ ਕਰੇਗਾ । ਮੁੱਖ ਤੌਰ 'ਤੇ ਜਾਅਲੀ ਬੀਜ ਬਾਜ਼ਾਰ ਵਿੱਚੋਂ ਖ਼ਤਮ ਕਰੇਗਾ ਅਤੇ ਕਿਸਾਨਾਂ ਨੂੰ ਨਕਲੀ ਬੀਜਾਂ ਤੋਂ ਛੁਟਕਾਰਾ ਦਿਵਾਏਗਾ । ਇਸ ਵਿੱਚ ਡਿਜੀਟਲੀ ਮਾਅਰਕਾ ਲੱਗਿਆ ਹੋਵੇਗਾ ਅਤੇ ਨਾਲ ਹੀ ਉਸ ਦਾ ਸਕੈਨ ਕੋਡ ਹੋਵੇਗਾ ਜਿਸ ਨਾਲ ਪਤਾ ਲੱਗੇਗਾ ਕਿ ਇਹ ਬੀਜ ਕਿੱਥੋਂ ਤੁਰਿਆ ਹੈ ਅਤੇ ਕਿਸਾਨ ਤੱਕ ਕਿਵੇਂ ਪਹੁੰਚਿਆ ਹੈ । ਇਸ ਲਈ ਵੀਸੀਯੂ ਭਾਵ ਵੈਲਿਊ ਫਾਰ ਕਲਟੀਵੇਸ਼ਨ ਐਂਡ ਯੂਥ ਦੇ ਨਿਯਮਾਂ ਮੁਤਾਬਕ ਟੈਸਟਿੰਗ ਹੋਵੇਗੀ ਅਤੇ ਫਿਰ ਸੋਧੇ ਹੋਏ ਬੀਜ ਵੀ ਉਪਲਬਧ ਹੋਣਗੇ ।

ਇਸ ਦੇ ਨਾਲ ਹੀ ਸਰਕਾਰੀ ਦਾਅਵਾ ਹੈ ਕਿ ਇਹ ਕਿਸਾਨਾਂ ਦੇ ਹੱਕ ਜੋ ਪ੍ਰੋਟੈਕਸ਼ਨ ਆਫ ਪਲਾਂਟ ਵਰਾਇਟੀ ਐਂਡ ਫਾਰਮਰ ਰਾਈਟ ਐਕਟ 2001 ਦੇ ਸਨ, ਉਨ੍ਹਾਂ ਨੂੰ ਬਰਕਰਾਰ ਰੱਖੇਗਾ । ਕਹਿਣ ਦਾ ਭਾਵ ਹੈ ਕਿ ਕਿਸਾਨ ਆਪਣੀ ਉਪਜ ਦਾ ਬੀਜ ਰੱਖ ਸਕੇਗਾ ਅਤੇ ਉਸ ਨੂੰ ਦੂਜੇ ਕਿਸਾਨਾਂ ਨੂੰ ਵੇਚ ਸਕਦਾ ਹੈ । ਇਸ ਸਾਰੇ ਨੂੰ ਉੱਪਰੋਂ ਪੜ੍ਹ ਕੇ ਬਹੁਤ ਚੰਗਾ ਲੱਗਦਾ ਹੈ । ਇਹ ਜਾਪਦਾ ਹੈ ਜਿਵੇਂ ਇਹ ਯੂਨੀਅਨ ਫਾਰ ਪ੍ਰੋਟੈਕਸ਼ਨ ਆਫ ਨਿਊ ਵਰਾਇਟੀਜ਼ ਆਫ਼ ਪਲਾਂਟ (ਯੂਪੀਓਵੀ) ਤੋਂ ਛੁਟਕਾਰਾ ਦਿਵਾਉਂਦਾ ਹੋਵੇ । ਡੂੰਘਾ ਘੋਖਣ 'ਤੇ ਇਹ ਪਤਾ ਲੱਗਦਾ ਹੈ ਕਿ ਸੀਡ ਐਕਟ 2005 ਪ੍ਰੋਟੈਕਸ਼ਨ ਆਫ ਪਲਾਂਟ ਵਰਾਇਟੀ ਐਂਡ ਫਾਰਮਰ ਰਾਈਟ ਐਕਟ ਦੀ ਤਾਕਤ ਨੂੰ ਘਟਾਉਂਦਾ ਹੈ । ਇੱਕ ਪਾਸੇ ਤਾਂ ਕਿਸਾਨ ਆਪਣੇ ਬੀਜ ਵੇਚ ਸਕਦਾ ਹੈ ਪਰ ਸ਼ਰਤ ਇਹ ਹੈ ਕਿ ਬ੍ਰਾਂਡ ਬੀਜ ਹੀ ਵਿਕਣਗੇ । ਕੀ ਕਿਸਾਨ ਵੱਡੀਆਂ ਕੰਪਨੀਆਂ ਦੇ ਮੁਕਾਬਲੇ ਵਿੱਚ ਖੜ੍ਹ ਸਕੇਗਾ ?

ਦੂਜਾ ਵੀਸੀਯੂ ਟੈਸਟਿੰਗ ਨੂੰ ਲਾਜ਼ਮੀ ਕਰ ਦਿੱਤਾ ਹੈ ਜੋ ਸਿਰਫ਼ ਵੱਡੀਆਂ ਕਾਰਪੋਰੇਟ ਕੰਪਨੀਆਂ ਦੀ ਖੋਜ ਨਾਲ ਹੀ ਸੰਭਵ ਹੈ । ਕਿਸਾਨਾਂ ਨੂੰ ਸਸਤੇ ਬੀਜ ਸਪਲਾਈ ਹੋਣ ਵਿੱਚ ਇਹ ਰੋਕ ਵਜੋਂ ਕੰਮ ਕਰੇਗਾ । ਕਿਸਾਨ ਆਪਣੇ ਲਈ ਬੀਜ ਵੀ ਨਹੀਂ ਰੱਖ ਸਕਣਗੇ । ਇਸ ਨਾਲ ਕਿਸਾਨਾਂ ਦੇ ਖ਼ਰਚੇ ਵਧਣਗੇ ਤੇ ਕਿਸਾਨੀ ਹੋਰ ਕਮਜ਼ੋਰ ਹੋਵੇਗੀ ।

### ਗਰਮ ਰੁੱਤ ਦੀ

# ਮੂੰਗੀ ਤੋਂ ਵਧੇਰੇ ਝਾੜ ਲੈਣ ਲਈ ਤਕਨੀਕਾਂ

ਜਗਜੋਤ ਸਿੰਘ ਗਿੱਲ, ਅਜੇ ਕੁਮਾਰ ਚੌਧਰੀ,
ਫਾਰਮ ਸਲਾਹਕਾਰ ਸੇਵਾ ਕੇਂਦਰ, ਫਿਰੋਜ਼ਪੁਰ (ਮੋ. 82839-32427)

**ਪੰਜਾਬ ਵਿਚ ਮੂੰਗੀ ਨੂੰ ਗਰਮੀ ਅਤੇ ਸਾਉਣੀ ਦੀ ਰੁੱਤ ਵਿਚ ਲਗਾਇਆ ਜਾਂਦਾ ਹੈ । ਘੱਟ ਸਮੇਂ ਦੀ ਫਸਲ**



**ਹੋਣ ਕਰਕੇ ਝੋਨਾ-ਕਣਕ ਫਸਲੀ ਚੱਕਰ ਵਿਚ ਇਸ ਦੀ ਕਾਸ਼ਤ ਬਹੁਤ ਢੁਕਵੀਂ ਹੈ । ਮੂੰਗੀ ਖੁਰਾਕੀ ਪ੍ਰੋਟੀਨ ਅਤੇ ਲੋਹੇ ਦਾ ਚੰਗਾ ਸ੍ਰੋਤ ਹੈ । ਇਸ ਫਸਲ ਦੀ ਕਾਸ਼ਤ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵੀ ਵਧਦੀ ਹੈ । ਫਸਲ ਦਾ ਵੱਧ ਝਾੜ ਲੈਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਹੇਠ ਲਿਖੀਆਂ ਸਿਫਾਰਸ਼ਾਂ ਵੱਲ ਧਿਆਨ ਦੇਣਾ ਚਾਹੀਦਾ ਹੈ ।**

**ਮੌਸਮ ਤੇ ਜ਼ਮੀਨ ਦੀ ਚੋਣ** : ਫਸਲ ਦੇ ਵਧੇ ਲਈ ਗਰਮ ਮੌਸਮ ਦੀ ਜ਼ਰੂਰਤ ਹੁੰਦੀ ਹੈ । ਕਾਸ਼ਤ ਲਈ ਕਲਰਾਠੀਆਂ ਅਤੇ ਸੇਮ ਵਾਲੀਆਂ ਜ਼ਮੀਨਾਂ ਢੁੱਕਵੀਆਂ ਹਨ । ਚੰਗੇ ਜਲ ਨਿਕਾਸ ਵਾਲੀ ਭਲ ਤੋਂ ਰੇਤਲੀ ਭਲ ਵਾਲੀ ਜ਼ਮੀਨ ਕਾਸ਼ਤ ਲਈ ਸਹੀ ਹੈ ।

**ਕਿਸਮਾਂ** : ਐੱਸ ਐੱਮ ਐੱਲ-1827, ਟੀ ਐੱਮ ਬੀ-37, ਐੱਸ ਐੱਮ ਐੱਲ-832 ਅਤੇ ਐੱਸ ਐੱਮ ਐੱਲ-668 ਗਰਮ ਰੁੱਤ ਦੀ ਮੂੰਗੀ ਦੀਆਂ ਉੱਨਤ ਕਿਸਮਾਂ ਹਨ । ਐੱਸ ਐੱਮ ਐੱਲ-1827 62 ਦਿਨਾਂ ਵਿਚ ਪੱਕ ਜਾਂਦੀ ਹੈ, ਇਸ ਦਾ ਔਸਤ ਝਾੜ 5 ਕੁਇੰਟਲ ਫੀ ਏਕੜ ਹੈ । ਟੀ ਐੱਮ ਬੀ-37 ਕੁਲ 60 ਦਿਨਾਂ ਵਿਚ ਪੱਕਦੀ ਹੈ । ਇਸ ਦਾ ਔਸਤ ਝਾੜ 4.9 ਕੁਇੰਟਲ ਫੀ ਏਕੜ ਹੈ । ਐੱਸ ਐੱਮ ਐੱਲ-832 ਕਰੀਬ 61 ਦਿਨਾਂ ਵਿਚ ਪੱਕਦੀ ਹੈ ਅਤੇ ਔਸਤ ਝਾੜ 4.6 ਕੁਇੰਟਲ ਫੀ ਏਕੜ ਹੈ । ਐੱਸ ਐੱਮ ਐੱਲ-668 ਕਰੀਬ 60 ਦਿਨਾਂ ਵਿਚ ਪੱਕ ਜਾਂਦੀ ਹੈ ਅਤੇ ਔਸਤ ਝਾੜ 4.5 ਕੁਇੰਟਲ ਫੀ ਏਕੜ ਹੈ ।

**ਜ਼ਮੀਨ ਦੀ ਤਿਆਰੀ** : ਖੇਤ 2-3 ਵਾਰ ਵਾਹੋ । ਹਰ ਵਾਹੀ ਮਗਰੋਂ ਸੁਹਾਗਾ ਮਾਰੋ । ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਕਣਕ ਵੱਢਣ ਬਾਅਦ ਬਿਨਾ ਵਾਹੇ ਵੀ ਕੀਤੀ ਜਾ ਸਕਦੀ ਹੈ । ਜੇ ਖੇਤ 'ਚ ਕਣਕ ਦਾ ਨਾੜ ਨਹੀਂ ਤਾਂ ਜ਼ੀਰੋ-ਟਿੱਲ ਡਰਿੱਲ ਨਾਲ ਬੀਜੀ ਜਾ ਸਕਦੀ ਹੈ । ਜੇ ਕੰਬਾਈਨ ਨਾਲ ਕਣਕ ਦੀ ਕਆਈ ਮਗਰੋਂ ਕਣਕ ਦਾ ਨਾੜ ਖੇਤ 'ਚ ਹੋਵੇ ਤਾਂ ਪੀ ਏ ਯੂ ਹੈਪੀ ਸੀਡਰ ਨਾਲ ਮੂੰਗੀ ਬੀਜੋ ।

**ਬਿਜਾਈ ਦਾ ਸਮਾਂ** : ਬਿਜਾਈ 20 ਮਾਰਚ ਤੋਂ 10 ਅਪਰੈਲ ਤੱਕ ਕਰ ਲੈਣੀ ਚਾਹੀਦੀ ਹੈ । ਇਸ ਤੋਂ ਬਾਅਦ ਬੀਜੀ ਫਸਲ ਦਾ ਪੱਕਣ ਸਮੇਂ ਅਗੇਤੀ ਮੌਨਸੂਨੀ ਮੀਂਹ ਨਾਲ ਨੁਕਸਾਨ ਹੋ ਸਕਦਾ ਹੈ ।

**ਬੀਜ ਦੀ ਮਾਤਰਾ** : ਇੱਕ ਏਕੜ ਲਈ ਐੱਸ ਐੱਮ ਐੱਲ-668 ਦਾ 15 ਕਿਲੋ, ਐੱਸ ਐੱਮ ਐੱਲ-1827, ਟੀ ਐੱਮ ਬੀ-37 ਅਤੇ ਐੱਸ ਐੱਮ ਐੱਲ-832 ਦਾ 12 ਕਿਲੋ ਬੀਜ ਕਾਫੀ ਹੈ ।

**ਬੀਜ ਨੂੰ ਟੀਕਾ ਲਾਉਣਾ** : ਬੀਜ ਨੂੰ ਮਿਸ਼ਰਤ ਜੀਵਾਣੂ ਖਾਦ ਦਾ ਟੀਕਾ ਲਾਉਣ ਨਾਲ ਝਾੜ ਵਧਦਾ ਹੈ । ਇੱਕ ਏਕੜ ਦੇ ਬੀਜ ਨੂੰ ਤਕਰੀਬਨ 300 ਮਿਲੀਲਿਟਰ ਪਾਣੀ ਨਾਲ ਗਿਲਾ ਕਰ ਕੇ ਮਿਸ਼ਰਿਤ ਜੀਵਾਣੂ ਖਾਦ ਦੇ ਇਕ ਪੈਕੇਟ (ਰਾਈਜ਼ੋਬੀਅਮ ਐੱਲ ਐਸ ਐੱਮ ਆਰ-1 ਅਤੇ ਰਾਈਜ਼ੋਬੈਕਟੀਰੀਅਮ ਆਰ ਬੀ-3) ਨਾਲ ਚੰਗੀ ਤਰ੍ਹਾਂ ਮਿਲਾਓ ਅਤੇ ਛਾਂ ਵਿਚ ਸੁਕਾਓ । ਟੀਕੇ ਤੋਂ ਬਾਅਦ ਇਕ ਘੰਟੇ ਅੰਦਰ ਬਿਜਾਈ ਹੋ ਜਾਣੀ ਚਾਹੀਦੀ ਹੈ ।

**ਬਿਜਾਈ ਦਾ ਢੰਗ** : ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਬੀਜ ਡਰਿੱਲ, ਜ਼ੀਰੋ-ਟਿੱਲ ਡਰਿੱਲ ਜਾਂ ਹੈਪੀ ਸੀਡਰ ਨਾਲ ਕੀਤੀ ਜਾ ਸਕਦੀ ਹੈ । ਸਿਆੜਾਂ ਵਿਚਕਾਰ ਫਾਸਲਾ 22.5 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 7 ਸੈਂਟੀਮੀਟਰ ਰੱਖੋ । ਬੀਜ 4 ਤੋਂ 6 ਸੈਂਟੀਮੀਟਰ ਡੂੰਘਾ ਬੀਜੋ । ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਕਣਕ ਲਈ ਵਰਤੇ ਜਾਂਦੇ ਬੈੱਡ ਪਲਾਂਟਰ ਨਾਲ 37.5 ਸੈਂਟੀਮੀਟਰ ਚੌੜੇ ਬੈੱਡ ਉੱਤੇ 20 ਸੈਂਟੀਮੀਟਰ ਵਿੱਥ 'ਤੇ ਦੋ ਕਤਾਰਾਂ ਵਿਚ ਕਰੋ । ਦੋ ਬੈੱਡਾਂ ਵਿਚਕਾਰ 30 ਸੈਂਟੀਮੀਟਰ ਚੌੜੀ ਖਾਲ ਬਣਾਓ । ਗਰਮ ਰੁੱਤ ਦੀ ਮੂੰਗੀ ਦੀ ਬੈੱਡਾਂ 'ਤੇ ਬਿਜਾਈ ਨਾਲ ਬੀਜ ਉੱਗਣ ਸਮੇਂ ਮੀਂਹ ਦੇ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ । ਇਸ ਨਾਲ ਪੱਧਰੀ ਬਿਜਾਈ ਦੇ ਮੁਕਾਬਲੇ ਲਗਭਗ 10 ਫੀਸਦੀ ਜ਼ਿਆਦਾ ਝਾੜ ਮਿਲਦਾ ਹੈ ਅਤੇ ਪਾਣੀ ਦੀ ਬੱਚਤ ਵੀ ਹੁੰਦੀ ਹੈ ।

**ਖਾਦਾਂ** : ਕਣਕ ਦੀ ਵਾਢੀ ਪਿੱਛੋਂ ਬਿਜਾਈ ਸਮੇਂ 11 ਕਿਲੋ ਯੂਰੀਆ ਅਤੇ 100 ਕਿਲੋ ਸੁਪਰਫਾਸਫੇਟ ਫੀ ਏਕੜ ਡਰਿਲ ਕਰ ਦਿਉ । ਜੇ ਬਿਜਾਈ ਆਲੂ ਦੀ ਫਸਲ ਤੋਂ ਪਿਛੋਂ ਕਰਨੀ ਹੋਵੇ ਤਾਂ ਖਾਦ ਪਾਉਣ ਦੀ ਲੋੜ ਨਹੀਂ ।

**ਨਦੀਨਾਂ ਦੀ ਰੋਕਥਾਮ** : ਬਿਜਾਈ ਤੋਂ ਮਹੀਨਾ ਬਾਅਦ ਪਹਿਲੀ ਗੋਡੀ ਅਤੇ ਉਸ ਤੋਂ 15 ਦਿਨਾਂ ਬਾਅਦ ਦੂਜੀ ਗੋਡੀ ਕਰਨੀ ਚਾਹੀਦੀ ਹੈ ।

**ਸਿੰਜਾਈ** : ਮੂੰਗੀ ਨੂੰ 3 ਤੋਂ 5 ਪਾਣੀਆਂ ਦੀ ਜ਼ਰੂਰਤ ਹੈ । ਪਹਿਲਾ ਪਾਣੀ ਬਿਜਾਈ ਤੋਂ 25 ਦਿਨਾਂ ਬਾਅਦ ਅਤੇ ਆਖਿਰੀ ਪਾਣੀ ਬਿਜਾਈ ਤੋਂ ਤਕਰੀਬਨ 55 ਦਿਨਾਂ ਬਾਅਦ ਲਾਉ । ਇਉਂ ਝਾੜ ਵਧਦਾ ਅਤੇ ਫਲੀਆਂ ਇਕਸਾਰ ਪੱਕਦੀਆਂ ਹਨ ।

**ਵਾਢੀ** : ਸਹੀ ਸਮਾਂ 80 ਫੀਸਦੀ ਫਲੀਆਂ ਪੱਕਣ 'ਤੇ ਹੈ ।

## ਫਸਲ 'ਤੇ ਹਮਲਾ ਕਰਨ ਵਾਲੇ ਕੀੜੇ

### ਥਰਿੱਪ

ਇਹ ਰਸ ਚੂਸਣ ਵਾਲਾ ਕੀੜਾ ਹੈ । ਇਸ ਦਾ ਹਮਲਾ ਗੰਭੀਰ ਹੁੰਦਾ ਹੈ । ਇਹ ਬੂਟੇ ਦੇ ਵੱਖ ਵੱਖ ਹਿੱਸਿਆਂ 'ਤੇ ਹਮਲਾ ਕਰਦਾ ਹੈ ਜਿਵੇਂ ਟਾਹਣੀਆਂ, ਪੱਤੇ, ਡੋਡੀਆਂ ਅਤੇ ਫੁੱਲ । ਇਹ ਅੰਦਰੋਂ ਫੁੱਲਾਂ ਦਾ ਰਸ ਚੂਸਦਾ ਹੈ ਜਿਸ ਕਾਰਨ ਫੁੱਲਾਂ ਦੀ ਸ਼ਕਲ ਅਤੇ ਰੰਗ ਖਰਾਬ ਹੋ ਜਾਂਦਾ ਹੈ ਤੇ ਫੁੱਲ_ਖੁੱਲ੍ਹਣ ਤੋਂ ਪਹਿਲਾਂ ਹੀ ਝੜ ਜਾਂਦੇ ਹਨ । ਇਸ ਹਾਲਤ ਵਿਚ ਬੂਟਾ ਝਾੜੀ ਵਾਂਗ ਨਜ਼ਰ ਆਉਂਦਾ ਹੈ । ਰਸ ਚੂਸੇ ਜਾਣ ਕਰ ਕੇ ਫਲੀਆਂ ਘੱਟ ਪੈਂਦੀਆਂ ਹਨ ਅਤੇ ਫਲੀਆਂ ਦਾ ਆਕਾਰ ਖਰਾਬ ਹੋ ਜਾਂਦਾ ਹੈ, ਦਾਣੇ ਸੁੰਗੜ ਜਾਂਦੇ ਹਨ ।

### ਫਲੀ ਛੇਦਕ ਸੁੰਡੀ

ਫਲੀ ਛੇਦਕ ਸੁੰਡੀ ਬਹੁ-ਫਸਲੀ ਕੀੜਾ ਹੈ । ਸੁੰਡੀ ਦਾ ਰੰਗ ਪੀਲਾ, ਭੂਰਾ ਅਤੇ ਕਾਲਾ ਵੀ ਹੋ ਸਕਦਾ ਹੈ; ਲੰਬਾਈ 3 ਤੋਂ 5 ਸੈਂਟੀਮੀਟਰ ਹੋ ਸਕਦੀ ਹੈ । ਇਹ ਫਸਲ ਦੇ ਪੱਤੇ, ਫੁੱਲ, ਫਲੀਆਂ ਅਤੇ ਦਾਣਿਆਂ ਨੂੰ ਖਾਂਦੀ ਹੈ । ਹਮਲੇ ਦਾ ਪਤਾ ਪੱਤਿਆਂ ਤੇ ਫਲੀਆਂ 'ਚ ਮੋਰੀਆਂ ਅਤੇ ਬੂਟਿਆਂ ਹੇਠਾਂ ਗੂੜੇ ਹਰੇ ਰੰਗ ਦੀਆਂ ਬਿੱਠਾਂ ਤੋਂ ਲਗਦਾ ਹੈ ।

### ਤੰਬਾਕੂ ਸੁੰਡੀ

ਇਹ ਬਹੁ-ਫਸਲੀ, ਛੋਟੀਆਂ ਸੁੰਡੀਆਂ ਕਾਲੇ ਰੰਗ ਦੀਆਂ ਹੁੰਦੀਆਂ ਹਨ । ਵੱਡੀਆਂ ਸੁੰਡੀਆਂ ਦਾ ਰੰਗ ਗੂੜਾ ਹਰਾ ਹੁੰਦਾ ਹੈ ਤੇ ਉੱਪਰ ਕਾਲੇ ਰੰਗ ਦੇ ਤਿਕੋਣੇ ਧੱਬੇ ਹੁੰਦੇ ਹਨ । ਆਂਡਿਆਂ ਵਿੱਚੋਂ ਨਿੱਕਲਣ ਤੋਂ ਬਾਅਦ ਛੋਟੀਆਂ ਸੁੰਡੀਆਂ ਝੁੰਡਾਂ ਵਿਚ ਪੱਤਿਆਂ ਦਾ ਹਰਾ ਮਾਦਾ ਖਾਂਦੀਆਂ ਹਨ ਅਤੇ ਮੋਰੀਆਂ ਕਰ ਦਿੰਦੀਆਂ ਹਨ । ਬਾਅਦ ਵਿਚ ਵੱਡੀਆਂ ਸੁੰਡੀਆਂ ਸਾਰੇ ਖੇਤ ਵਿਚ ਖਿੱਲਰ ਕੇ ਨੁਕਸਾਨ ਕਰਦੀਆਂ ਹਨ । ਪੱਤਿਆਂ ਦੇ ਨਾਲ-ਨਾਲ ਇਹ ਡੋਡੀਆਂ, ਫੁੱਲਾਂ ਅਤੇ ਫਲੀਆਂ ਦਾ ਨੁਕਸਾਨ ਕਰਦੀਆਂ ਹਨ । ਇਸ ਦੀ ਰੋਕਥਾਮ ਲਈ ਖੇਤ ਨੂੰ ਨਦੀਨ ਖਾਸ ਕਰ ਇੱਟਸਿੱਟ ਰਹਿਤ ਰੱਖੋ । ਤੰਬਾਕੂ ਸੁੰਡੀ ਦੇ ਆਂਡੇ ਅਤੇ ਛੋਟੀਆਂ ਸੁੰਡੀਆਂ ਨੂੰ ਪੱਤੇ ਸਣੇ ਨਸ਼ਟ ਕਰ ਦਿਓ ।

## ਫਸਲ ਨੂੰ ਲੱਗਣ ਵਾਲੀਆਂ ਬਿਮਾਰੀਆਂ

### ਚਿਤਕਬਰਾ ਰੋਗ

ਇਹ ਵਿਸ਼ਾਣੂ ਰੋਗ ਹੈ ਜੋ ਚਿੱਟੀ ਮੱਖੀ ਦੁਆਰਾ ਫੈਲਦਾ ਹੈ । ਇਸ ਦਾ ਅਸਰ ਪਹਿਲਾਂ ਨਵੇਂ ਪੱਤਿਆਂ 'ਤੇ ਹੁੰਦਾ ਹੈ, ਪੱਤੇ ਪੀਲੇ ਹੋ ਜਾਂਦੇ ਹਨ ਅਤੇ ਥੱਲੇ ਵੱਲ ਮੁੜ ਜਾਂਦੇ ਹਨ । ਪੁਰਾਣੇ ਪੱਤਿਆਂ ਉੱਪਰ ਪੀਲੇ ਅਤੇ ਹਰੇ ਰੰਗ ਦੇ ਚਟਾਕ ਪੈ ਜਾਂਦੇ ਹਨ । ਪੌਦੇ ਦਾ ਵਾਧਾ ਰੁੱਕ ਜਾਂਦਾ ਹੈ । ਰੋਗੀ ਪੌਦੇ ਨੂੰ ਬਹੁਤ ਘੱਟ ਫੁੱਲ ਤੇ ਫਲੀਆਂ ਲਗਦੀਆਂ ਹਨ । ਗਰਮ ਅਤੇ ਨਮੀਂ ਵਾਲੇ ਮੌਸਮ ਵਿਚ 100 ਫੀਸਦੀ ਤੱਕ ਨੁਕਸਾਨ ਹੋ ਜਾਂਦਾ ਹੈ ਕਿਉਂਕਿ ਇਸ ਮੌਸਮ ਵਿਚ ਚਿੱਟੀ ਮੱਖੀ ਦਾ ਵਾਧਾ ਜ਼ਿਆਦਾ ਹੁੰਦਾ ਹੈ । ਇਸ ਰੋਗ ਤੋਂ ਬਚਣ ਲਈ ਗਰਮ ਰੁੱਤ ਦੀ ਮੁੰਗੀ ਦੀ ਬਿਜਾਈ ਸਿਫਾਰਸ਼ ਸਮੇਂ ਦੌਰਾਨ ਕਰਨੀ ਚਾਹੀਦੀ ਹੈ ਅਤੇ ਰੋਗੀ ਬੂਟਿਆਂ ਨੂੰ ਸ਼ੁਰੂ ਵਿਚ ਹੀ ਕੱਢ ਦੇਣਾ ਚਾਹੀਦਾ ਹੈ । ਇਸ ਰੋਗ ਦਾ ਟਾਕਰਾ ਕਰਨ ਵਾਲੀ ਕਿਸਮ ਐਸ ਐਮ ਐਲ-1827 ਲਗਾਉਣੀ ਚਾਹੀਦੀ ਹੈ ।

### ਜੜ੍ਹਾਂ ਗਲਣੀਆਂ

ਜੜ੍ਹਾਂ ਦਾ ਗਲਣਾ ਉੱਲੀ ਰੋਗ ਹੈ । ਇਹ ਉੱਲੀ ਬੀਜ ਅਤੇ ਮਿੱਟੀ ਤੋਂ ਆ ਸਕਦੀ ਹੈ । ਇਹ ਪੌਦੇ ਉੱਪਰ ਮੁੱਢਲੀ ਅਤੇ ਸਿਖਰਲੀ ਅਵਸਥਾ ਵਿਚ ਹਮਲਾ ਕਰ ਸਕਦੀ ਹੈ । ਉੱਲੀ ਕਾਰਨ ਪੌਦੇ ਦੀ ਮੁੱਢਲੀ ਅਵਸਥਾ ਸਮੇਂ ਬੀਜ ਤੋਂ ਥੱਲੇ ਜ਼ਮੀਨ ਵੱਲ ਹਿੱਸੇ ਉੱਪਰ ਅਤੇ ਬੀਜ ਤੋਂ ਉੱਪਰ ਜ਼ਮੀਨ ਦੇ ਬਾਹਰ ਵੱਲ ਹਿੱਸੇ ਉੱਪਰ ਕਾਲੇ ਭੂਰੇ ਧੱਬੇ ਪੈ ਜਾਂਦੇ ਹਨ । ਤਣੇ 'ਤੇ ਲੰਬੂਤਰੇ ਕਾਲੇ ਧੱਬੇ ਪੈ ਜਾਂਦੇ ਹਨ, ਪੱਤੇ ਝੜ ਜਾਂਦੇ ਹਨ ਤੇ ਪੌਦਾ ਮੁਰਝਾ ਜਾਂਦਾ ਹੈ ।

### ਝੁਲਸ ਰੋਗ

ਇਹ ਵੀ ਉੱਲੀ ਰੋਗ ਹੈ; ਇਹ ਉੱਲੀ ਮਿੱਟੀ ਵਿਚ ਹੁੰਦੀ ਹੈ । ਇਹ ਬੂਟੇ ਦੇ ਜ਼ਮੀਨ ਤੋਂ ਉੱਪਰ ਵਾਲੇ ਹਿੱਸਿਆਂ 'ਤੇ ਹਮਲਾ ਕਰਦੀ ਹੈ ਜਿਵੇਂ ਪੱਤਿਆਂ, ਟਾਹਣੀਆਂ, ਤਣਾ ਤੇ ਫਲੀਆਂ ਪਰ ਇਸ ਦਾ ਸਭ ਤੋਂ ਵਿਨਾਸ਼ਕਾਰੀ ਰੂਪ ਬਿਜਾਈ ਤੋਂ ਦੂਜੇ ਤੋਂ ਤੀਜੇ ਹਫਤੇ ਪੱਤਿਆਂ ਉੱਪਰ ਦਿਖਾਈ ਦਿੰਦਾ ਹੈ । ਜ਼ਿਆਦਾ ਨਮੀਂ ਵਾਲੇ ਦਿਨਾਂ ਵਿਚ ਇਹ ਰੋਗ ਬਹੁਤ ਤੇਜ਼ੀ ਨਾਲ ਫੈਲਦਾ ਹੈ ਇਸ ਬਿਮਾਰੀ ਦੇ ਸ਼ੁਰੂਆਤੀ ਹਮਲੇ ਨੂੰ ਰੋਕਣ ਲਈ ਖੇਤ ਨੂੰ ਨਦੀਨ ਰਹਿਤ ਰੱਖਣਾ ਚਾਹੀਦਾ ਹੈ ।

ਕਿਸਾਨਾਂ ਦੀ ਸੇਵਾ ਵਿੱਚ 1983 ਤੋਂ ਪ੍ਰਕਾਸ਼ਿਤ ਹੋਣ ਵਾਲਾ
ਖੇਤੀ ਦੁਨੀਆਂ
ਸੰਪੂਰਨ ਖੇਤੀਬਾੜੀ ਹਫਤਾਵਾਰੀ
ਇੱਕ ਸਾਲ ਵਿੱਚ 52 ਅੰਕ
ਹਰ ਹਫਤੇ ਖੇਤੀ ਅਤੇ ਸਹਾਇਕ ਧੰਦਿਆਂ ਦੀ ਨਵੀਨਤਮ ਜਾਣਕਾਰੀ ਪਾਓ
ਚੰਦਿਆਂ 'ਤੇ ਵਿਸ਼ੇਸ਼ ਛੂਟ
ਇੱਕ ਸਾਲ 500 ਰੁਪਏ
ਦੋ ਸਾਲ 800 ਰੁਪਏ
KHETI DUNIYAN
TID - 62763351
ਚੰਦਾ ਭਰਨ ਲਈ QR ਕੋਡ ਸਕੈਨ ਕਰੋ।
ਹੋਰ ਜਾਣਕਾਰੀ ਲਈ ਸੰਪਰਕ ਕਰੋ : 90410-14575, 98151-04575

## ਵੱਡੀਆਂ ਕਾਰਪੋਰੇਟ ਕੰਪਨੀਆਂ, ਕਾਰਖ਼ਾਨੇ ਤੇ ਹੋਰ ਫ਼ੈਕਟਰੀਆਂ ਪੰਜਾਬ ਦੇ ਪਾਣੀਆਂ ਨੂੰ ਗੰਧਲਾ ਕਰਨ ਤੋਂ ਨਹੀਂ ਆ ਰਹੀਆਂ ਬਾਜ...

# ਪੰਜਾਬ ਦੇ ਦਰਿਆਵਾਂ ਵਿੱਚ ਘੁਲ ਰਿਹੈ ਜ਼ਹਿਰ

**ਪੰਜਾਬ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਤੇ ਸਥਾਨਕ ਸਰਕਾਰਾਂ ਵਿਭਾਗ ਨੂੰ ਵੀ ਆਪਣੇ ਅਧਿਕਾਰ ਖੇਤਰ ਅਧੀਨ ਪ੍ਰਦੂਸ਼ਣ ਕਰਨ ਵਾਲੇ ਸਰੋਤਾਂ ਨੂੰ ਬੰਦ ਕਰਨ ਲਈ ਆਖਿਆ ਗਿਆ ਸੀ ਤੇ ਇਸ ਸੰਬੰਧੀ ਬਕਾਇਦਾ ਹੁਕਮ ਵੀ ਦਿੱਤੇ ਗਏ ਪਰ ਹੁਣ ਤੱਕ ਕਾਰਵਾਈ ਕਾਗਜ਼ਾਂ ਵਿੱਚ ਹੀ ਘੁੰਮ ਰਹੀ ਹੈ। ਇੱਕ ਰਿਪੋਰਟ ਮੁਤਾਬਕ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਕਹਿੰਦਾ ਹੈ ਕਿ 31 ਪ੍ਰਦੂਸ਼ਣ ਫੈਲਾਉਣ ਵਾਲੇ ਸਰੋਤਾਂ ਨੂੰ ਉਨ੍ਹਾਂ ਦੁਆਰਾ ਬੰਦ ਕਰ ਦਿੱਤਾ ਗਿਆ ਹੈ, ਪਰ ਸਥਾਨਕ ਸਰਕਾਰਾਂ ਵਿਭਾਗ ਨੇ 30 ਸਰੋਤ ਹੀ ਬੰਦ ਕੀਤੇ ਹਨ। ਬੋਰਡ ਨੇ 18 ਉਦਯੋਗਿਕ, ਤਿੰਨ ਡੇਅਰੀ ਤੇ ਪ੍ਰਦੂਸ਼ਣ ਦੇ ਚਾਰ ਵਿਅਕਤੀ-ਗਤ ਸਰੋਤ ਬੰਦ ਕਰ ਦਿੱਤੇ ਹਨ ਜਾਂ ਫਿਰ ਉਨ੍ਹਾਂ ਨੂੰ ਉੱਥੋਂ ਹਟਾ ਦਿੱਤਾ ਗਿਆ ਹੈ। ਬੰਦ ਕੀਤੇ ਗਏ ਪ੍ਰਦੂਸ਼ਣ ਫੈਲਾਉਣ ਵਾਲੇ ਸਰੋਤਾਂ ਦੀ ਗਿਣਤੀ 606 ਤੋਂ ਵੱਧ ਕੇ 692 ਹੋ ਗਈ ਹੈ, ਜਦਕਿ ਸੂਬੇ ਅੰਦਰ ਬਾਕੀ ਬਚੇ 905 ਤੋਂ ਘੱਟ ਕੇ 819 ਹੋ ਗਏ, ਜਿਹੜੇ ਪ੍ਰਦੂਸ਼ਣ ਫੈਲਾਉਣ ਵਾਲੇ ਸਰੋਤ ਅਜੇ ਵੀ ਬੰਦ ਕਰਨ ਵਾਲੇ ਹਨ।**

ਗੁਰਪ੍ਰੀਤ ਸਿੰਘ
ਮੋ. 95698-20314

ਪੰਜਾਬ ਦੇ ਪਾਣੀਆਂ ਦਾ ਮਸਲਾ ਜਦੋਂ ਵੀ ਉੱਭਰ ਕੇ ਸਾਹਮਣੇ ਆਉਂਦਾ ਹੈ ਤਾਂ ਸਾਰੀਆਂ ਸਿਆਸੀ ਧਿਰਾਂ ਇੱਕੋ ਸਮੇਂ 'ਤੇ ਖੜ੍ਹੀਆਂ ਹੋ ਜਾਂਦੀਆਂ ਨੇ ਤੇ ਇੱਕ ਦੂਜੇ 'ਤੇ ਦੋਸ਼ ਲਾਉਣੇ ਸ਼ੁਰੂ ਕਰ ਦਿੰਦੀਆਂ ਹਨ। ਗੱਲ ਭਾਵੇਂ ਐਸਵਾਈਐਲ ਦੀ ਹੋਵੇ ਜਾਂ ਫਿਰ ਹੋਰਨਾਂ ਦਰਿਆਵਾਂ ਨਹਿਰਾਂ ਦੀ, ਜਦੋਂ ਵੀ ਸਿਆਸੀ ਧਿਰਾਂ ਨੂੰ ਮੌਕਾ ਮਿਲਦਾ ਹੈ, ਇਹ ਕੋਈ ਵੀ ਮੌਕਾ ਪਿੱਛੇ ਨਹੀਂ ਛੱਡਦੀਆਂ। ਬੀਬੀਐਮਬੀ 'ਤੇ ਵੀ ਪੰਜਾਬ ਦਾ ਹੱਕ ਜਤਾਉਣ ਵਾਲੀਆਂ ਇਹ ਸਿਆਸੀ ਧਿਰਾਂ ਹਮੇਸ਼ਾ ਹੀ ਸਿਆਸਤ ਕਰਦੀਆਂ ਹਨ, ਇਸ ਤੋਂ ਇਲਾਵਾ ਕੁੱਝ ਨਹੀਂ। ਪੰਜਾਬ ਦੇ ਪਾਣੀਆਂ ਵਿੱਚ ਘੁੱਲ ਰਹੇ ਰੋਜ਼ਾਨਾ ਦੇ ਜ਼ਹਿਰ ਨੂੰ ਇਹ ਸਿਆਸੀ ਧਿਰਾਂ ਨਹੀਂ ਵੇਖ ਰਹੀਆਂ। ਜਦੋਂ ਵੀ ਕੋਈ ਮੁੱਦਾ ਇਨ੍ਹਾਂ ਸਾਹਮਣੇ ਆਉਂਦਾ ਹੈ ਤਾਂ ਚਾਰ ਦਿਨ ਉਹ ਉੱਭਰ ਕੇ ਇਸ ਤਰ੍ਹਾਂ ਹੋ ਜਾਂਦਾ ਹੈ ਕਿ ਅਗਲੇ ਕੁੱਝ ਦਿਨਾਂ ਵਿੱਚ ਹੀ ਇਸ ਦਾ ਪੱਕਾ ਹੱਲ ਹੋ ਜਾਵੇਗਾ, ਪਰ ਹੁੰਦਾ ਕੁੱਝ ਨਹੀਂ।

ਗੱਲ ਭਾਵੇਂ ਪੰਜਾਬ ਦੇ ਦਰਿਆਵਾਂ ਦੀ ਕਰ ਲਈਏ ਜਾਂ ਫਿਰ ਨਹਿਰਾਂ ਦੀ, ਹਰ ਪਾਸੇ ਹੀ ਬੁਰਾ



ਹਾਲ ਹੈ। ਆਮ ਲੋਕ ਨਹਿਰਾਂ ਵਿੱਚ ਸਮੱਗਰੀਆਂ ਪਾਉਣ ਤੋਂ ਨਹੀਂ ਹਟਦੇ, ਉੱਥੇ ਹੀ ਦੂਜੇ ਪਾਸੇ ਵੱਡੀਆਂ ਕਾਰਪੋਰੇਟ ਕੰਪਨੀਆਂ, ਕਾਰਖਾਨੇ ਤੇ ਹੋਰ ਫ਼ੈਕਟਰੀਆਂ ਪੰਜਾਬ ਦੇ ਪਾਣੀਆਂ ਨੂੰ ਗੰਧਲਾ ਕਰਨ ਤੋਂ ਪਿੱਛੇ ਨਹੀਂ ਹੱਟ ਰਹੀਆਂ। ਪੰਜਾਬ ਦੇ ਪਾਣੀ ਇਸ ਵੇਲੇ ਇਸ ਕਦਰ ਖ਼ਰਾਬ ਹੋ ਚੁੱਕੇ ਹਨ ਕਿ ਉਨ੍ਹਾਂ ਨੂੰ ਸਾਫ਼ ਕਰਨ 'ਤੇ ਦੋ-ਤਿੰਨ ਦਹਾਕੇ ਲੱਗ ਜਾਣਗੇ, ਪਰ ਇਸ ਹਿਸਾਬ ਨਾਲ ਇਸ ਵੇਲੇ ਹਾਲਾਤ ਬਣੇ ਪਏ ਹਨ, ਉਸ ਨੂੰ ਵੇਖ ਕੇ ਤਾਂ ਇੰਜ ਹੀ ਲੱਗਦਾ ਹੈ ਕਿ ਆਉਂਦੇ ਸਮੇਂ ਵਿੱਚ ਪੰਜਾਬ ਦੀ ਹਾਲਤ ਹੋਰ ਵੀ ਭਿਆਨਕ ਹੋਣ ਵਾਲੀ ਹੈ। ਕੁੱਝ ਸਮਾਂ ਪਹਿਲਾਂ ਆਏ ਹੜ੍ਹਾਂ ਦੀ ਗੱਲ ਕਰੀਏ ਤਾਂ, ਉਸ ਵਿੱਚ ਵੀ ਲੋਕਾਂ ਨੂੰ ਪੀਣ ਵਾਸਤੇ ਪਾਣੀ ਨਹੀਂ ਮਿਲਿਆ। ਇਸ ਦਾ ਮਤਲਬ ਸਾਫ਼ ਸੀ ਕਿ ਲੋਕਾਂ ਕੋਲ ਪੀਣ ਲਈ ਵੀ ਪਾਣੀ ਨਹੀਂ, ਭਾਵੇਂ ਕਿ ਲੋਕਾਂ ਦੇ ਸਿਰਾਂ ਤੋਂ ਉੱਪਰ ਤੱਕ ਪਾਣੀ ਰਹਿੰਦਾ ਰਿਹਾ ਪਰ ਪੀਣ ਵਾਸਤੇ ਸ਼ੁੱਧ ਪਾਣੀ ਨਹੀਂ ਸੀ। ਲੋਕਾਂ ਨੂੰ ਫਿਰ ਬੰਦ ਬੋਤਲਾਂ ਵਾਲਾ ਪਾਣੀ ਪੀਣਾ ਪਿਆ। ਬੰਦ ਬੋਤਲਾਂ ਵਾਲਾ ਪਾਣੀ ਕਿਹੜੀਆਂ ਕੰਪਨੀਆਂ ਬਣਾਉਂਦੀਆਂ ਨੇ ਅਤੇ ਉਨ੍ਹਾਂ ਦੇ ਕੀ ਫ਼ਾਇਦੇ ਨੁਕਸਾਨ ਨੇ, ਉਹ ਤਾਂ ਅਸੀਂ ਸਭ ਚੰਗੀ ਤਰ੍ਹਾਂ ਜਾਣਦੇ ਹਾਂ।

ਉਂਜ ਤਾਂ ਸਾਰੀ ਅੰਕੜਿਆਂ ਦੀ ਖੇਡ ਹੈ, ਚਾਰ ਦਿਨ ਤਾਂ ਪਾਣੀਆਂ ਦੇ ਸੈਂਪਲ ਵੀ ਲੈ ਜਾਂਦੇ ਨੇ ਅਤੇ ਉਨ੍ਹਾਂ ਨੂੰ ਸਾਫ਼ ਕਰਨ ਵਾਸਤੇ ਮੁਹਿੰਮਾਂ ਵੀ ਚਲਾਈਆਂ ਜਾਂਦੀਆਂ ਨੇ, ਪਰ ਹੁੰਦਾ ਅਸਲ ਵਿੱਚ ਕੁੱਝ ਵੀ ਨਹੀਂ। ਸਰਕਾਰ ਦੁਆਰਾ ਲਏ ਜਾਂਦੇ ਸਮੇਂ-ਸਮੇਂ 'ਤੇ ਫ਼ੈਸਲਿਆਂ ਨੇ ਲੋਕਾਂ ਨੂੰ ਕਥਿਤ ਤੌਰ 'ਤੇ ਮੂਰਖ ਬਣਾਇਆ ਹੈ।

ਸਰਕਾਰਾਂ ਵੱਲੋਂ ਬਿਨਾਂ ਸੋਚੇ ਸਮਝੇ ਬਣਾਏ ਜਾਂਦੇ ਕਈ ਨਿਯਮਾਂ ਨਾਲ ਪੰਜਾਬ ਵਾਸੀਆਂ ਨੂੰ ਫ਼ਾਇਦਾ ਘੱਟ ਤੇ ਨੁਕਸਾਨ ਵੱਧ ਹੋ ਰਿਹਾ ਹੈ। ਭਾਵੇਂ ਖੇਤਾਂ ਵਿੱਚੋਂ ਕੱਢਣ ਲਈ ਖੇਤ ਦਾ ਮਸਲਾ ਹੋਵੇ, ਪੰਜਾਬ ਦੇ ਪਾਣੀਆਂ ਨੂੰ ਸੰਭਾਲਣ ਦਾ ਮਸਲਾ ਹੋਵੇ ਜਾਂ ਫਿਰ ਪੰਜਾਬ ਅੰਦਰ ਬਿਨਾਂ ਪਲਾਨਿੰਗ ਦੇ ਤਿਆਰ ਹੋ ਰਹੀਆਂ ਕਾਲੋਨੀਆਂ ਦਾ ਮਸਲਾ ਹੋਵੇ, ਹਰ ਪਾਸੇ ਤੋਂ ਹੀ ਸਰਕਾਰ ਘਿਰਦੀ ਨਜ਼ਰ ਆਉਂਦੀ ਹੈ। ਸਵਾਲਾਂ ਦੇ ਜਵਾਬ ਦੇਣ ਤੋਂ ਭੱਜਦੀਆਂ ਸੂਬੇ ਤੇ ਸੈਂਟਰ ਦੀਆਂ ਸਰਕਾਰਾਂ ਹਮੇਸ਼ਾ ਹੀ ਇਹ ਚਾਹੁੰਦੀਆਂ ਨੇ ਕਿ ਲੋਕ ਉਨ੍ਹਾਂ ਨੂੰ ਸਵਾਲ ਨਾ ਕਰਨ ਬਲਕਿ ਉਹ (ਸਰਕਾਰਾਂ) ਆਪਣੀਆਂ ਹੀ ਚੰਮ ਦੀਆਂ ਚਲਾਉਂਦੇ ਰਹਿਣ।

ਖ਼ੈਰ, ਮੁੱਦੇ 'ਤੇ ਵਾਪਸ ਆਉਂਦੇ ਹਾਂ, ਮੁੱਦਾ ਪੰਜਾਬ ਦੇ ਪਾਣੀਆਂ ਦਾ ਹੈ, ਜਿਹੜਾ ਕਿ ਗੰਧਲਾ ਹੋ ਰਿਹਾ ਹੈ। ਕਿਸੇ ਸਮੇਂ ਅਜਿਹਾ ਹੁੰਦਾ ਸੀ ਕਿ ਪੰਜਾਬ ਦੀਆਂ ਨਹਿਰਾਂ ਤੇ ਦਰਿਆਵਾਂ ਦਾ ਪਾਣੀ ਲੋਕ ਬਿਨਾਂ ਪੁਣੇ ਤੇ ਬਿਨਾਂ ਸਾਫ਼ ਕੀਤੇ ਹੀ ਪੀ ਲੈਂਦੇ ਸਨ ਪ੍ਰੰਤੂ ਹੁਣ ਹਾਲਾਤ ਇਹ ਬਣ ਗਏ ਨੇ ਕਿ ਅਸੀਂ ਵੱਡੇ-ਵੱਡੇਫਿਲਟਰ ਵੀ ਲਗਾ ਲਏ ਨੇ, ਫਿਰ ਵੀ ਪਾਣੀ ਸਾਫ਼ ਨਹੀਂ ਹੋ ਰਿਹਾ। ਬਾਵਜੂਦ ਇਸ ਦੇ ਸਾਨੂੰ ਬਿਮਾਰੀਆਂ ਚਿੰਬੜ ਰਹੀਆਂ ਹਨ ਤੇ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਨੇ ਤਾਂ ਹੁਣ ਤੱਕ ਬਹੁਤ ਜਾਨਾਂ ਲੈ ਲਈਆਂ ਨੇ।

ਪੰਜਾਬ ਦੇ ਪਾਣੀਆਂ ਬਾਰੇ ਆਈ ਇੱਕ ਰਿਪੋਰਟ ਨੇ ਇਹ ਸਾਬਤ ਕਰ ਦਿੱਤਾ ਕਿ ਸੂਬਾ ਸਰਕਾਰ ਤੇ ਕੇਂਦਰ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਭੋਰਾ ਵੀ ਸੁਹਿਰਦ ਨਹੀਂ। ਪੰਜਾਬ ਦੇ ਦਰਿਆਵਾਂ ਤੇ ਨਹਿਰਾਂ ਵਿੱਚ ਜਿਹੜਾ ਪ੍ਰਦੂਸ਼ਣ ਕਾਰਪੋਰੇਟ ਘਰਾਣੇ, ਕਾਰਖ਼ਾਨਿਆਂ, ਕੰਪਨੀਆਂ ਤੇ ਫ਼ੈਕਟਰੀਆਂ ਦੁਆਰਾ ਘੋਲਿਆ ਜਾ ਰਿਹਾ ਹੈ, ਉਸ ਨੂੰ ਬੰਦ ਕਰਨ ਲਈ ਸਰਕਾਰ ਕੋਈ ਤਗੜੇ ਕਦਮ ਨਹੀਂ ਚੁੱਕ ਰਹੀ। ਭਾਵੇਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਸਮੇਂ-ਸਮੇਂ 'ਤੇ ਪ੍ਰਦੂਸ਼ਣ ਨੂੰ ਖ਼ਤਮ ਕਰਨ ਵਾਸਤੇ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ, ਸਰਕਾਰ ਦਾ ਸਹਿਯੋਗ ਲਿਆ ਜਾਂਦੈ।

ਪੰਜਾਬ ਦੇ ਦਰਿਆਵਾਂ ਤੇ ਜਲ ਸਰੋਤਾਂ ਨੂੰ ਪ੍ਰਦੂਸ਼ਤ ਕਰਨ ਵਾਲੇ ਕੁੱਲ 819 ਸਰੋਤ ਬੰਦ ਕਰਨੇ ਅਜੇ ਪੰਜਾਬ ਅੰਦਰ ਬਾਕੀ ਹਨ। ਇਨ੍ਹਾਂ ਵਿੱਚ ਜ਼ਿਆਦਾਤਰ ਸਰੋਤ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਅਧੀਨ ਹਨ। ਹੁਣ ਤੱਕ ਕਰੀਬ 290 ਸਰੋਤ ਬੰਦ ਕੀਤੇ ਜਾ ਚੁੱਕੇ ਹਨ ਜਾਂ ਫਿਰ ਉਨ੍ਹਾਂ ਨੂੰ ਹਟਾਇਆ ਜਾ ਚੁੱਕਾ ਹੈ, ਪਰ ਪੰਚਾਇਤ ਵਿਭਾਗ ਦੇ ਅਧੀਨ 510 ਸਰੋਤ ਬੰਦ ਕਰਨੇ ਅਜੇ ਵੀ ਬਾਕੀ ਹਨ। ਇਹ ਖ਼ੁਲਾਸਾ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੁਆਰਾ 19 ਦਸੰਬਰ 2025 ਨੂੰ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਕੋਲ ਦਾਇਰ ਕੀਤੀ ਗਈ ਆਪਣੀ ਰਿਪੋਰਟ ਵਿੱਚ ਕੀਤਾ ਹੈ। ਇਹ ਰਿਪੋਰਟ 19 ਸਤੰਬਰ 2025 ਦੇ ਨੈਸ਼ਨਲ ਗਰੀਨ ਟ੍ਰਿਬਿਊਨਲ ਦੇ ਹੁਕਮਾਂ ਅਨੁਸਾਰ ਅਦਾਲਤ ਵਿੱਚ ਪੇਸ਼ ਕੀਤੀ ਗਈ। ਰਿਪੋਰਟ ਪੰਜਾਬ ਦੇ ਜਲ ਸਰੋਤਾਂ ਦੇ ਪ੍ਰਦੂਸ਼ਣ ਨਾਲ ਸੰਬੰਧਤ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ 16 ਸਤੰਬਰ 2024 ਨੂੰ ਇੱਕ ਅੰਗ੍ਰੇਜ਼ੀ ਅਖ਼ਬਾਰ ਵਿੱਚ ਪ੍ਰਕਾਸ਼ਤ ਇੱਕ ਖ਼ਬਰ ਦੇ ਆਧਾਰ 'ਤੇ ਇਸ ਮਾਮਲੇ ਦਾ ਖ਼ੁਦ ਨੋਟਿਸ ਲਿਆ ਸੀ। ਭਾਵੇਂ ਕਿ ਇਹ ਪ੍ਰਦੂਸ਼ਤ ਕਰ ਰਹੇ ਜਲ ਸਰੋਤ ਇਸ ਸਰਕਾਰ ਦੇ ਸਮੇਂ ਨਹੀਂ ਲੱਗੇ, ਪਿਛਲੀਆਂ ਸਰਕਾਰਾਂ ਨੇ ਹੀ ਇਜਾਜ਼ਤ



ਦੇ ਕੇ ਲਗਵਾਏ ਹੋਣਗੇ, ਪਰ ਸਵਾਲ ਇਹ ਹੈ ਕਿ ਜਦੋਂ ਸਰਕਾਰ ਤੱਕ ਸਾਰੀ ਰਿਪੋਰਟ ਪਹੁੰਚ ਚੁੱਕੀ ਹੈ, ਪ੍ਰਦੂਸ਼ਤ ਕਰਨ ਵਾਲੇ ਹਰ ਕਾਰਖ਼ਾਨੇ, ਫ਼ੈਕਟਰੀ ਦਾ ਡਾਟਾ ਪਹੁੰਚਾ ਚੁੱਕਾ ਹੈ, ਫਿਰ ਸਰਕਾਰ ਕਿਸ ਵੱਲ ਵੇਖ ਰਹੀ ਹੈ, ਕਿਉਂ ਨਹੀਂ ਇਨ੍ਹਾਂ ਫ਼ੈਕਟਰੀਆਂ, ਕਾਰਖ਼ਾਨਿਆਂ ਨੂੰ ਤਾਲੇ ਲੱਗ ਰਹੇ ?

ਹਾਲਾਂਕਿ ਇਸ ਮਾਮਲੇ 'ਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਸਾਰੇ ਪ੍ਰਦੂਸ਼ਣ ਕਰਨ ਵਾਲੇ ਸਰੋਤਾਂ ਨੂੰ ਬੰਦ ਕਰਨ ਲਈ ਇੱਕ ਸਪੱਸ਼ਟ ਸਮਾਂ ਸੀਮਾ ਪ੍ਰਦਾਨ ਕਰਨ ਦੇ ਹੁਕਮ ਦਿੱਤੇ ਹਨ। ਇਸ ਤੋਂ ਬਾਅਦ ਬੋਰਡ ਦੇ ਮੈਂਬਰ ਸਕੱਤਰ ਨੇ ਸਾਰੇ ਖੇਤਰੀ ਦਫ਼ਤਰਾਂ ਦੇ ਵਾਤਾਵਰਣ ਇੰਜੀਨੀਅਰਾਂ ਨੂੰ ਨਦੀਆਂ ਵਿੱਚ ਗੰਦੇ ਪਾਣੀ ਨੂੰ ਛੱਡਣ ਵਾਲੇ ਸਰੋਤਾਂ ਨੂੰ ਬੰਦ ਕਰਨ ਲਈ ਕਾਰਜ ਯੋਜਨਾਵਾਂ ਤੇ ਸੀਮਾਂ ਸੀਮਾਵਾਂ ਜਮ੍ਹਾਂ ਕਰਾਉਣ ਦੇ ਹੁਕਮ ਦਿੱਤੇ। ਖ਼ਬਰਾਂ ਇਹ ਹਨ ਕਿ ਜਲ ਸਰੋਤ ਮਹਿਕਮੇ ਨੂੰ ਜਲ ਸਰੋਤਾਂ ਦੇ ਰਖਵਾਲੇ ਵਜੋਂ ਮਾਨਤਾ ਦਿੰਦੇ ਹੋਏ 11 ਦਸੰਬਰ 2025 ਨੂੰ ਪ੍ਰਮੁੱਖ ਸਕੱਤਰ ਨੂੰ ਇੱਕ ਪੱਤਰ ਲਿਖਿਆ ਸੀ, ਜਿਸ ਵਿੱਚ ਇੱਕ ਅਪੀਲ ਕੀਤੀ ਗਈ ਸੀ ਕਿ ਦਰਿਆਵਾਂ 'ਤੇ ਜਲ ਸਰੋਤਾਂ ਵਿੱਚ ਗੰਦੇ ਪਾਣੀ ਨੂੰ ਛੱਡਣ ਵਾਲੇ ਉਦਯੋਗਿਕ ਇਕਾਈਆਂ, ਪਿੰਡਾਂ ਦੇ ਸੀਵਰੇਜ, ਸ਼ਹਿਰੀ ਨਗਰਪਾਲਿਕਾ ਨਾਲਿਆਂ, ਡੇਅਰੀ ਰਹਿੰਦ-ਖੂੰਹਦ ਅਤੇ ਹੋਰ ਸਰੋਤਾਂ ਨੂੰ ਤੁਰੰਤ ਬੰਦ ਕਰਨ ਦਾ ਹੁਕਮ ਜਾਰੀ ਕੀਤਾ ਜਾਵੇ।

ਪੰਜਾਬ ਪੇਂਡੂ ਵਿਕਾਸ ਦੇ ਪੰਚਾਇਤ ਵਿਭਾਗ ਤੇ ਸਥਾਨਕ ਸਰਕਾਰਾਂ ਵਿਭਾਗ ਨੂੰ ਵੀ ਅਪਣੇ ਅਧਿਕਾਰ ਖੇਤਰ ਅਧੀਨ ਪ੍ਰਦੂਸ਼ਣ ਕਰਨ ਵਾਲੇ ਸਰੋਤਾਂ ਨੂੰ ਬੰਦ ਕਰਨ ਲਈ ਆਖਿਆ ਗਿਆ ਸੀ ਤੇ ਇਸ ਸੰਬੰਧੀ ਬਕਾਇਦਾ ਹੁਕਮ ਵੀ ਦਿੱਤੇ ਗਏ ਪਰ ਹੁਣ ਤੱਕ ਕਾਰਵਾਈ ਕਾਗਜ਼ਾਂ ਵਿੱਚ ਹੀ ਘੁੰਮ ਰਹੀ ਹੈ। ਇੱਕ ਰਿਪੋਰਟ ਮੁਤਾਬਕ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਕਹਿੰਦਾ ਹੈ ਕਿ 31 ਪ੍ਰਦੂਸ਼ਣ ਫੈਲਾਉਣ ਵਾਲੇ ਸਰੋਤਾਂ ਨੂੰ ਉਨ੍ਹਾਂ ਦੁਆਰਾ ਬੰਦ ਕਰ ਦਿੱਤਾ ਗਿਆ ਹੈ, ਪਰ ਸਥਾਨਕ ਸਰਕਾਰਾਂ ਵਿਭਾਗ ਨੇ 30 ਸਰੋਤ ਹੀ ਬੰਦ ਕੀਤੇ ਹਨ। ਬੋਰਡ ਨੇ 18 ਉਦਯੋਗਿਕ, ਤਿੰਨ ਡੇਅਰੀ ਤੇ ਪ੍ਰਦੂਸ਼ਣ ਦੇ ਚਾਰ ਵਿਅਕਤੀ-ਗਤ ਸਰੋਤ ਬੰਦ ਕਰ ਦਿੱਤੇ ਹਨ ਜਾਂ ਫਿਰ ਉਨ੍ਹਾਂ ਨੂੰ ਉੱਥੋਂ ਹਟਾ ਦਿੱਤਾ ਗਿਆ ਹੈ। ਬੰਦ ਕੀਤੇ ਗਏ ਪ੍ਰਦੂਸ਼ਣ ਫੈਲਾਉਣ ਵਾਲੇ ਸਰੋਤਾਂ ਦੀ ਗਿਣਤੀ 606 ਤੋਂ ਵੱਧ ਕੇ 692 ਹੋ ਗਈ ਹੈ, ਜਦਕਿ ਸੂਬੇ ਅੰਦਰ ਬਾਕੀ ਬਚੇ 905 ਤੋਂ ਘੱਟ ਕੇ 819 ਹੋ ਗਏ, ਜਿਹੜੇ ਪ੍ਰਦੂਸ਼ਣ ਫੈਲਾਉਣ ਵਾਲੇ ਸਰੋਤ ਅਜੇ ਵੀ ਬੰਦ ਕਰਨ ਵਾਲੇ ਹਨ।

ਵੈਸੇ ਵੇਖਿਆ ਜਾਵੇ ਇਹ ਇੱਕ ਤਾਜ਼ਾ ਡਾਟਾ ਹੈ। ਇਸ ਤੋਂ ਪਹਿਲਾਂ ਬਹੁਤ ਸਾਰੀਆਂ ਸੰਸਥਾਵਾਂ ਦੁਆਰਾ ਆਪਣੇ ਪੱਧਰ 'ਤੇ ਡਾਟਾ ਇਕੱਠਾ ਕੀਤਾ ਜਾਂਦਾ ਰਿਹਾ ਹੈ, ਜਿਸ ਵਿੱਚ ਕਈ ਤਰ੍ਹਾਂ ਦੇ ਦੋਸ਼ ਮੌਜੂਦਾ ਤੇ ਤਤਕਾਲੀ ਸਰਕਾਰਾਂ 'ਤੇ ਲਾਏ ਜਾਂਦੇ ਹਨ ਕਿ ਇਹ ਕਰਦੇ ਤਾਂ ਕੁੱਝ ਨਹੀਂ ਸਗੋਂ ਇਸ ਮੁੱਦੇ 'ਤੇ ਸਿਆਸਤ ਹੀ ਭੜਕਾ ਕੇ ਲੋਕਾਂ ਨੂੰ ਲੜਾ ਮਰਵਾ ਦਿੰਦੇ ਨੇ। ਬੁੱਢੇ ਨਾਲੇ ਦਾ ਮਸਲਾ ਹੋਵੇ ਜਾਂ ਫਿਰ ਸਤਲੁਜ ਦਰਿਆ, ਰਾਵੀ, ਬਿਆਸ ਦਾ, ਹਰ ਕਿਤੇ ਸਰਕਾਰ ਸਿਰਫ਼ ਡਰਾਮੇਬਾਜ਼ੀ ਕਰਦੀ ਹੈ, ਇਸ ਤੋਂ ਇਲਾਵਾ ਕੁੱਝ ਨਹੀਂ। ਪੰਜਾਬ ਦੇ ਪਾਣੀਆਂ ਨੂੰ ਬਚਾਉਣਾ ਇਸ ਵੇਲੇ ਬਹੁਤ ਜ਼ਰੂਰੀ ਹੈ, ਕਿਉਂਕਿ ਜਿਸ ਤਰੀਕੇ ਨਾਲ ਸੂਬੇ ਅੰਦਰ ਪੰਜਾਬ ਦੇ ਪਾਣੀਆਂ ਦਾ ਪੱਧਰ ਲਗਾਤਾਰ ਘੱਟ ਰਿਹਾ ਹੈ, ਉਸ ਤੋਂ ਸਪੱਸ਼ਟ ਹੈ ਕਿ ਆਉਣ ਵਾਲਾ ਸਮਾਂ ਪੰਜਾਬ ਲਈ ਭਿਆਨਕ ਹੋਣ ਵਾਲਾ ਹੈ।

ਭਾਵੇਂ ਇਸੇ ਸਾਲ ਆਏ ਹੜ੍ਹਾਂ ਕਾਰਨ ਪਾਣੀ ਦਾ ਪੱਧਰ ਸੂਬੇ ਅੰਦਰ ਵਧਿਆ ਹੈ, ਪਰ ਇਸ ਨਾਲ ਸਮੱਸਿਆਵਾਂ ਦਾ ਅੰਕੜਾ ਵੀ ਕਾਫ਼ੀ ਵੱਧ ਗਿਆ ਹੈ। ਇਸ ਵੱਲ ਧਿਆਨ ਦੇਣ ਦੀ ਲੋੜ ਹੈ, ਨਾਂ ਕਿ ਇਸ 'ਤੇ ਸਿਆਸਤ ਕਰਨ ਦੀ। ਵੈਸੇ ਤਾਂ ਸਾਡੇ ਗੁਰੂ ਸਾਹਿਬਾਨ ਪਾਣੀ, ਹਵਾ, ਧਰਤੀ ਨੂੰ ਬਚਾਉਣ ਦਾ ਸੁਨੇਹਾ ਦੇ ਕੇ ਗਏ ਸਨ, ਪਰ ਅੱਜ ਅਸੀਂ ਇਸ ਸਭ ਤੋਂ ਉਲਟ ਜਾ ਕੇ ਪਾਣੀ ਦੀ ਵੀ ਬਰਬਾਦੀ ਕਰ ਰਹੇ ਹਾਂ, ਧਰਤੀ ਦਾ ਵੀ ਸੀਨਾ ਚੀਰ ਰਹੇ ਹਾਂ। ਆਸਮਾਨ ਨੂੰ ਵੀ ਗੰਧਲਾ ਕਰ ਰਹੇ ਹਾਂ। ਫੈਕਟਰੀਆਂ ਅਤੇ ਕਾਰਖ਼ਾਨਿਆਂ ਵਿੱਚੋਂ ਨਿਕਲਣ ਵਾਲੇ ਧੂੰਏਂ ਕਾਰਨ ਜਿੱਥੇ ਜ਼ਹਿਰੀਲੀਆਂ ਗੈਸਾਂ ਪੈਦਾ ਹੋ ਰਹੀਆਂ ਹਨ, ਉੱਥੇ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਵੀ ਲੱਗ ਰਹੀਆਂ ਹਨ।

ਖ਼ੈਰ, ਵੇਖਦੇ ਹਾਂ ਕਿ ਅਗਲੇ ਸਮੇਂ ਵਿੱਚ ਕੀ ਕੁੱਝ ਹੁੰਦਾ ਹੈ, ਪਰ ਪੰਜਾਬ ਅੰਦਰ ਪੰਜਾਬ ਦੇ ਪਾਣੀਆਂ ਨੂੰ ਬਚਾਉਣਾ ਇਸ ਵੇਲੇ ਬੇਹੱਦ ਜ਼ਰੂਰੀ ਹੈ, ਕਿਉਂਕਿ ਜਿਸ ਤਰੀਕੇ ਨਾਲ ਲਗਾਤਾਰ ਜਲ ਸਰੋਤ ਜਿਹੜੇ ਕਿ ਪ੍ਰਦੂਸ਼ਣ ਫੈਲਾ ਰਹੇ ਹਨ, ਉਨ੍ਹਾਂ ਦੀ ਗਿਣਤੀ ਵੱਧ ਗਈ ਹੈ, ਉਸੇ ਹਿਸਾਬ ਨਾਲ ਲੱਗਦਾ ਹੈ ਕਿ ਪੰਜਾਬ ਇਸ ਵੇਲੇ ਬਿਲਕੁਲ ਸੁਰੱਖਿਅਤ ਨਹੀਂ ਹੈ। ਸੂਬਾ ਸਰਕਾਰ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਤੇ ਸਖ਼ਤੀ ਦੇ ਨਾਲ ਫ਼ੈਸਲੇ ਲੈ ਕੇ ਕੋਈ ਅਜਿਹਾ ਨਿਯਮ ਬਣਾਉਣਾ ਚਾਹੀਦੈ ਜੋ ਪੰਜਾਬ ਨੂੰ ਫਿਰ ਤੋਂ ਸੋਹਣਾ ਅਤੇ ਵਧੀਆ ਸੂਬਾ ਬਣਾਇਆ ਜਾ ਸਕੇ।






# ਅਲੋਪ ਹੋ ਰਹੇ ਟੋਕਰੇ ਬਣਾਉਣ ਵਾਲੇ ਕਾਰੀਗਰ

**★ ਤੂਤ ਦੀਆਂ ਛਿਟੀਆਂ ਨਾਲ ਬਣਾਏ ਜਾਣ ਵਾਲੇ ਛਾਬਿਆਂ ਤੋਂ ਵੀ ਲੋਕਾਂ ਦਾ ਮੋਹ ਭੰਗ ★ ਪਸ਼ੂਆਂ ਨੂੰ ਪੱਠੇ ਪਾਉਣ ਲਈ ਵੀ ਵਰਤੇ ਜਾਂਦੇ ਸਨ ਟੋਕਰੇ, ਹੁਣ ਇਸ ਦੀ ਵਰਤੋਂ ਘਟੀ**

ਅੱਜ ਦੀ ਭੱਜ ਦੌੜ ਭਰੀ ਜ਼ਿੰਦਗੀ ਨੇ ਜਿੱਥੇ ਇਨਸਾਨ ਤੋਂ ਸਮਾਂ ਖੋਹ ਲਿਆ ਹੈ, ਉੱਥੇ ਹੀ ਸਾਡੇ ਸੱਭਿਆਚਾਰ 'ਤੇ ਵੀ ਡੂੰਘਾ ਅਸਰ ਪਾਇਆ ਹੈ। ਵਿਕਾਸ ਦੇ ਨਾਂ 'ਤੇ ਪੁਰਾਤਨ ਰਿਵਾਜ ਹੌਲੀ-ਹੌਲੀ ਖਤਮ ਹੁੰਦੇ ਜਾ ਰਹੇ ਹਨ। ਇਨ੍ਹਾਂ ਵਿੱਚੋਂ ਇੱਕ ਹੈ ਪਿੰਡਾਂ ਵਿੱਚ ਟੋਕਰੇ ਅਤੇ ਟੋਕਰੀਆਂ ਬਣਾਉਣ ਦੀ ਕਲਾ, ਜੋ ਅੱਜ ਅਲੋਪ ਹੋਣ ਕੰਢੇ ਹੈ। ਕਦੇ ਸਮਾਂ ਹੁੰਦਾ ਸੀ, ਜਦੋਂ ਘਰ ਵਿੱਚ ਜ਼ਿਆਦਾ ਪਸ਼ੂ ਪਾਲੇ ਜਾਂਦੇ ਸਨ ਅਤੇ ਟੋਕਰੇ, ਟੋਕਰੀਆਂ, ਛਾਬੇ ਆਦਿ ਘਰੇਲੂ ਵਰਤੋਂ ਲਈ ਬਣਾਏ ਜਾਂਦੇ ਸਨ।

ਤੂਤ ਦੀ ਛਿਟੀ ਤੋਂ ਬਣੇ ਇਹ ਟੋਕਰੇ ਨਾ ਸਿਰਫ ਮਜ਼ਬੂਤ ਹੁੰਦੇ ਸਨ, ਸਗੋਂ ਪਸ਼ੂਆਂ ਲਈ ਚਾਰਾ ਪਾਉਣ ਸਮੇਂ ਧੂੜ-ਮਿੱਟੀ ਨੂੰ ਵੀ ਛਾਣ ਦਿੰਦੇ ਸਨ, ਪਰ ਅੱਜਕੱਲ੍ਹ ਨਾ ਤਾਂ ਦਰੱਖਤ ਰਹੇ ਹਨ ਅਤੇ ਨਾ ਹੀ ਲੋਕਾਂ ਦੀ ਦਿਲਚਸਪੀ। ਹੁਣ ਟੋਕਰਿਆਂ ਦੀ ਥਾਂ ਸਸਤੇ ਪਲਾਸਟਿਕ ਦੇ ਬੱਠਲਾਂ ਨੇ ਲੈ ਲਈ ਹੈ। ਬਾਦਲ ਸਿੰਘ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਟੋਕਰੇ ਬਣਵਾਉਣ ਵਾਲਿਆਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੁੰਦੀ ਸੀ। ਤੂਤ ਦੇ ਦਰੱਖਤ ਵੀ ਵੱਡੀ ਮਾਤਰਾ ਵਿੱਚ ਮਿਲ ਜਾਂਦੇ ਸਨ, ਪਰ ਅੱਜ ਇਹ ਦਰੱਖਤ ਬਹੁਤ ਘੱਟ ਰਹਿ ਗਏ ਹਨ। ਪਲਾਸਟਿਕ ਦੇ ਬੱਠਲ ਸਸਤੇ ਹੋਣ ਦੇ ਬਾਵਜੂਦ ਨੁਕਸਾਨਦੇਹ ਹਨ, ਕਿਉਂਕਿ ਇਨ੍ਹਾਂ ਵਿੱਚ ਚਾਰਾ ਪਾਉਣ ਸਮੇਂ ਧੂੜ-ਮਿੱਟੀ ਪਸ਼ੂਆਂ ਦੇ ਅੰਦਰ ਚਲੀ ਜਾਂਦੀ ਹੈ, ਜਿਸ ਨਾਲ ਬਿਮਾਰੀਆਂ ਵੱਧ ਰਹੀਆਂ ਹਨ।

20 ਸਾਲ ਤੋਂ ਟੋਕਰੇ ਬਣਾਉਣ ਦਾ ਕੰਮ ਕਰ ਰਹੇ ਪਿੰਡ ਮਾਖਾਂ ਦੇ ਰਹਿਣ ਵਾਲੇ ਲਾਭ ਸਿੰਘ ਨੇ ਦੱਸਿਆ ਕਿ ਟੋਕਰੇ ਬਣਾਉਣ ਦਾ ਕੰਮ ਪਹਿਲਾਂ ਉਨ੍ਹਾਂ



ਦੇ ਦਾਦਾ ਕਰਦੇ ਸਨ। ਸਰਦੀ ਦੇ ਦੋ ਮਹੀਨੇ ਉਹ ਟੋਕਰੇ ਬਣਾਉਣ ਵਿੱਚ ਬਿਤਾ ਦਿੰਦੇ ਸਨ। ਬਾਅਦ ਵਿੱਚ ਇਹ ਕਲਾ ਉਨ੍ਹਾਂ ਦੇ ਪਿਤਾ ਨੇ ਅਪਣਾਈ ਅਤੇ ਫਿਰ ਲਾਭ ਸਿੰਘ ਨੇ ਖੁਦ ਸਿੱਖੀ। ਅੱਜ ਭਾਵੇਂ ਟੋਕਰੇ ਬਣਾਉਣ ਨਾਲ ਕਮਾਈ ਪਹਿਲਾਂ ਨਾਲੋਂ ਵੱਧ ਹੋ ਗਈ ਹੈ, ਪਰ ਮੰਗ ਘੱਟ ਹੋ ਗਈ ਹੈ। ਪਹਿਲਾਂ ਵਿਆਹਾਂ ਵਿੱਚ ਮਠਿਆਈ ਰੱਖਣ ਲਈ ਟੋਕਰੇ ਵਰਤੇ ਜਾਂਦੇ ਸਨ। ਰੋਟੀਆਂ ਸੰਭਾਲਣ ਲਈ ਛਾਬੇ ਬਣਵਾਏ ਜਾਂਦੇ ਸਨ ਅਤੇ ਰੂੜੀ ਦੀ ਰੇਹ ਪਾਉਣ ਲਈ ਵੀ ਟੋਕਰੇ ਵਰਤੇ ਜਾਂਦੇ ਸਨ।

ਲਾਭ ਸਿੰਘ ਨੇ ਦੱਸਿਆ ਕਿ ਪਹਿਲਾਂ ਦੂਰ-ਦੂਰ ਦੇ ਪਿੰਡਾਂ ਤੋਂ ਲੋਕ ਉਨ੍ਹਾਂ ਦੇ ਦਾਦਾ ਅਤੇ ਪਿਤਾ ਨੂੰ ਟੋਕਰੇ ਬਣਾਉਣ ਲਈ ਬੁਲਾਉਂਦੇ ਸਨ, ਪਰ ਹੁਣ ਅਜਿਹਾ ਨਹੀਂ ਰਿਹਾ। ਨਵੀਂ ਪੀੜ੍ਹੀ ਵੀ ਇਸ ਕਲਾ ਨੂੰ ਸਿੱਖਣ ਵਿੱਚ ਦਿਲਚਸਪੀ ਨਹੀਂ ਲੈ ਰਹੀ, ਜਿਸ ਕਾਰਨ ਟੋਕਰੇ ਬਣਾਉਣ ਦੀ ਇਹ ਪੁਰਾਤਨ ਕਲਾ ਹੌਲੀ-ਹੌਲੀ ਖਤਮ ਹੋ ਰਹੀ ਹੈ।

**ਰੁਜ਼ਗਾਰ 'ਤੇ ਸੰਕਟ**

ਡਾਇਟ ਅਹਿਮਦਪੁਰ ਦੇ ਲੈਕਚਰਾਰ ਬਲਵਿੰਦਰ ਸਿੰਘ ਬਾਘਾ ਨੇ ਟੋਕਰੇ ਬਣਾਉਣ ਵਾਲੇ ਕਾਰੀਗਰਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਟੋਕਰੇ ਬਣਾਉਣ ਵਾਲੇ ਕਾਰੀਗਰਾਂ ਦੀ ਪਹਿਲਾਂ ਹਰ ਜਗ੍ਹਾਂ ਬਹੁਤ ਜ਼ਿਆਦਾ ਮੰਗ ਹੁੰਦੀ ਸੀ, ਕਿਉਂਕਿ ਹਰ ਘਰ ਵਿੱਚ ਪਸ਼ੂ ਰੱਖੇ ਹੋਣ, ਖੇਤੀਬਾੜੀ ਨਾਲ ਜੁੜੇ ਹੋਣ ਕਾਰਨ ਲੋਕਾਂ ਨੂੰ ਟੋਕਰਿਆਂ ਦੀ ਜ਼ਰੂਰਤ ਪੈਂਦੀ ਸੀ, ਪਰ ਹੁਣ ਜਿਉਂ-ਜਿਉਂ ਸਮਾਂ ਬਦਲਿਆ ਟੋਕਰੇ ਰੱਖਣ ਦਾ ਘਰਾਂ ਵਿੱਚ ਰਿਵਾਜ ਵੀ ਘੱਟ ਗਿਆ ਹੈ ਅਤੇ ਪਹਿਲਾਂ ਨਾਲੋਂ ਪਿੰਡਾਂ ਵਿੱਚ ਵੀ ਹੁਣ ਪਸ਼ੂ ਘੱਟ ਰੱਖਣ ਲੱਗੇ ਹਨ। ਵਿਆਹਾਂ 'ਤੇ ਵੀ ਮਠਿਆਈ ਰੱਖਣ ਲਈ ਪਹਿਲਾਂ ਇਨ੍ਹਾਂ ਟੋਕਰਿਆਂ ਨੂੰ ਵਰਤ ਲੈਂਦੇ ਸਨ, ਪਰ ਹੁਣ ਇਸ ਜਗ੍ਹਾਂ ਟੱਬਾਂ ਦੀ ਹੀ ਵਰਤੋਂ ਲੋਕ ਕਰਨ ਲੱਗੇ ਹਨ। ਉਨ੍ਹਾਂ ਕਿਹਾ ਕਿ ਹਰ ਕਲਾ ਦੇ ਨਾਲ-ਨਾਲ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ, ਪਰ ਇਹ ਕਲਾ ਨਾਲ ਬਣੇ ਟੋਕਰਿਆਂ ਦੀ ਮੰਗ ਘੱਟਣ ਦੇ ਕਾਰਨ ਇਸ ਦੇ ਕਾਰੀਗਰਾਂ ਦਾ ਰੁਜ਼ਗਾਰ ਪੁੱਜਦਾ ਜਾ ਰਿਹਾ ਹੈ।

# ਸਰ੍ਹੋਂ ਨੂੰ ਬਿਮਾਰੀਆਂ ਤੋਂ ਬਚਾਓ



ਅਮਰਜੀਤ ਸਿੰਘ ਅਤੇ ਯੈਸਮੀਨ ਕੌਰ,
ਪੌਦਾ ਰੋਗ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 70095-73527)

**ਸਰ੍ਹੋਂ ਦੀ ਫ਼ਸਲ ਤੇ ਕਾਲੇ ਧੱਬਿਆਂ ਦਾ ਰੋਗ ਅਤੇ ਚਿੱਟੀ ਕੁੰਗੀ ਦਾ ਹਮਲਾ ਅਕਸਰ ਦਿਖਾਈ ਦਿੰਦਾ ਹੈ । ਸਿੱਲ ਵਾਲੇ ਮੌਸਮ ਦੌਰਾਨ ਇਨ੍ਹਾਂ ਬਿਮਾਰੀਆਂ ਦਾ ਹਮਲਾ ਬੜੀ ਤੇਜ਼ੀ ਨਾਲ ਹੁੰਦਾ ਹੈ । ਜੇਕਰ ਇਨ੍ਹਾਂ ਬਿਮਾਰੀਆਂ ਨੂੰ ਸਮੇਂ ਸਿਰ ਨਾ ਰੋਕਿਆ ਜਾਵੇ ਤਾਂ ਸਰ੍ਹੋਂ ਦੀ ਫ਼ਸਲ ਦਾ ਕਾਫੀ ਨੁਕਸਾਨ ਹੋ ਜਾਂਦਾ ਹੈ ।**

**ਕਾਲੇ ਧੱਬਿਆਂ ਦਾ ਰੋਗ (ਝੁਲਸ ਰੋਗ)** : ਇਸ ਰੋਗ ਦੀ ਸ਼ੁਰੂਆਤ ਹੇਠਲੇ ਪੱਤਿਆਂ ਉੱਪਰ ਕਾਲੇ ਰੰਗ ਦੇ ਧੱਬਿਆਂ ਦੇ ਰੂਪ ਵਿੱਚ ਹੁੰਦੀ ਹੈ, ਜਿਨ੍ਹਾਂ ਉੱਪਰ ਕਾਲੇ ਰੰਗ ਦੇ ਟਿਮਕਣੇ ਚੱਕਰਾਂ ਵਿੱਚ ਨਜ਼ਰ ਆਉਂਦੇ ਹਨ । ਫ਼ਰਵਰੀ ਮਹੀਨੇ ਬਾਰਿਸ਼ ਹੋਣ ਨਾਲ ਇਨ੍ਹਾਂ ਦਾ ਵਾਧਾ ਬਹੁਤ ਹੀ ਛੇਤੀ ਹੁੰਦਾ ਹੈ । ਬਾਅਦ ਵਿੱਚ ਇਹ ਬਿਮਾਰੀ ਫਲੀਆਂ ਤੇ ਚਲੀ ਜਾਂਦੀ ਹੈ ਅਤੇ ਇਨ੍ਹਾਂ ਫਲੀਆਂ ਵਿੱਚ ਦਾਣੇ ਨਹੀਂ ਬਣਦੇ ਜਾਂ ਸੁੰਗੜੇ ਹੋਏ ਹੁੰਦੇ ਹਨ ਜਿਸ ਕਰਕੇ ਤੇਲ ਦੀ ਮਾਤਰਾ ਘੱਟ ਜਾਂਦੀ ਹੈ । ਸਿੱਲ੍ਹਾ (75% ਤੋਂ ਜ਼ਿਆਦਾ ਨਮੀ) ਅਤੇ ਨਿੱਘਾ (15-20 ਡਿਗਰੀ ਤਾਪਮਾਨ) ਮੌਸਮ ਇਸ ਬਿਮਾਰੀ ਦੇ ਵਾਧੇ ਲਈ ਬਹੁਤ ਅਨੁਕੂਲ ਹੁੰਦਾ ਹੈ । ਇਸ ਰੋਗ ਦੀ ਉੱਲੀ ਫ਼ਸਲ ਦੀ ਰਹਿੰਦ-ਖੂੰਹਦ ਜਾਂ ਨਦੀਨਾਂ ਉੱਪਰ ਪਲਦੀ ਰਹਿੰਦੀ ਹੈ ।

**ਚਿੱਟੀ ਕੁੰਗੀ** : ਇਸ ਬਿਮਾਰੀ ਦੀਆਂ ਨਿਸ਼ਾਨੀਆਂ ਦਸੰਬਰ ਦੇ ਅਖੀਰਲੇ ਹਫਤੇ ਤੋਂ ਜਨਵਰੀ ਦੇ ਪਹਿਲੇ ਪੰਦਰਵਾੜੇ ਤੱਕ ਦਿਖਾਈ ਦਿੰਦੀਆਂ ਹਨ । ਇਸ ਦੇ ਹਮਲੇ ਨਾਲ ਪੱਤਿਆਂ ਦੇ ਹੇਠਲੇ ਪਾਸੇ ਚਿੱਟੇ ਰੰਗ ਦੇ ਧੱਬੇ ਦਹੀਂ ਦੀਆਂ ਫੁੱਟੀਆਂ ਵਰਗੇ ਦਾਣੇਦਾਰ ਦਿਖਾਈ ਦਿੰਦੇ ਹਨ । ਪੱਤਿਆਂ ਦੇ ਉੱਪਰਲੇ ਪਾਸੇ ਇਹ ਧੱਬੇ ਹਲਕੇ ਹਰੇ ਰੰਗ ਦੇ ਚੱਟਾਖ ਦੇ ਰੂਪ ਵਿੱਚ ਨਜ਼ਰ ਆਉਂਦੇ ਹਨ । ਗੰਭੀਰ ਹਾਲਤਾਂ ਵਿੱਚ ਇਸ ਬਿਮਾਰੀ ਦਾ ਹਮਲਾ ਤਣੇ ਅਤੇ ਫਲੀਆਂ ਉੱਪਰ ਨਜ਼ਰ ਆਉਂਦਾ ਹੈ । ਬਿਮਾਰੀ ਨਾਲ ਪ੍ਰਭਾਵਿਤ ਟਾਹਣੀਆਂ ਦੀਆਂ ਕਰੂਬਲਾਂ ਮੁੜੀਆਂ ਅਤੇ ਫੁੱਲੀਆਂ ਹੋਈਆਂ ਪ੍ਰਤੀਤ ਹੁੰਦੀਆਂ ਹਨ ਜਿਨ੍ਹਾਂ ਤੇ ਫਲੀਆਂ ਵੀ ਨਹੀਂ ਬਣਦੀਆਂ । ਇਸ ਬਿਮਾਰੀ ਦੇ ਵਾਧੇ ਲਈ 13-25 ਡਿਗਰੀ ਤਾਪਮਾਨ ਅਤੇ 75 ਪ੍ਰਤੀਸ਼ਤ ਤੋਂ ਵੱਧ ਨਮੀਂ ਦੀ ਮਾਤਰਾ ਵਾਲਾ ਮੌਸਮ ਬੜਾ ਅਨੁਕੂਲ ਹੁੰਦਾ ਹੈ । ਇਸ ਬਿਮਾਰੀ ਦਾ ਹਮਲਾ ਰਾਇਆ ਸਰ੍ਹੋਂ ਦੀਆਂ ਕਿਸਮਾਂ ਤੇ ਪਾਇਆ ਜਾਂਦਾ ਹੈ ਪਰ ਗੋਭੀ ਸਰ੍ਹੋਂ, ਅਫਰੀਕਨ ਸਰ੍ਹੋਂ ਅਤੇ ਤੋਰੀਏ ਦੀ ਫ਼ਸਲ ਇਸਦੇ ਹਮਲੇ ਤੋਂ ਬਚ ਜਾਂਦੀ ਹੈ ।

**ਰੋਕਥਾਮ** : ਇਨੀਂ ਦਿਨੀਂ ਚਿੱਟੀ ਕੁੰਗੀ ਦੀ ਰੋਕਥਾਮ ਲਈ 250 ਗ੍ਰਾਮ ਰਿਡੋਮਿਲ ਗੋਲਡ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਇਸ ਛਿੜਕਾਅ ਦੇ ਨਾਲ ਕਾਲੇ ਧੱਬਿਆਂ ਦੇ ਰੋਗ (ਝੁਲਸ ਰੋਗ) ਦੀ ਵੀ ਰੋਕਥਾਮ ਹੋ ਜਾਵੇਗੀ ।

# ਬਹਾਰ ਰੁੱਤ ਮੱਕੀ ਦੀ ਕਾਸ਼ਤ ਸਮਝਦਾਰੀ ਨਾਲ ਕਰਨ ਦੀ ਲੋੜ



ਸੁਰਿੰਦਰ ਸੰਧੂ, ਮਹੇਸ਼ ਕੁਮਾਰ ਅਤੇ ਤੋਸ਼ ਗਰਗ,
ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 81462-38432)

ਬਹਾਰ ਰੁੱਤ ਦੀ ਮੱਕੀ ਦਾ ਝਾੜ ਵੱਧ ਹੁੰਦਾ ਹੈ ਕਿਉਂਕਿ ਸ਼ੁਰੂ ਵਿੱਚ ਠੰਡਾ ਮੌਸਮ ਪੌਦਿਆਂ ਦੇ ਵਾਧੇ ਲਈ ਬਿਹਤਰ ਹੁੰਦਾ ਹੈ । ਇਸ ਮੌਸਮ ਵਿੱਚ ਨਦੀਨ ਘੱਟ ਉੱਗਦੇ ਹਨ ਅਤੇ ਮੱਕੀ ਦੀ ਫ਼ਸਲ ਪੱਕਣ ਲਈ ਤਕਰੀਬਨ 120 ਤੋਂ 125 ਦਿਨ ਲੈਂਦੀ ਹੈ । ਇਸ ਕਰਕੇ ਬਹਾਰ ਰੁੱਤ ਦੀ ਫ਼ਸਲ ਦਾ ਝਾੜ (ਸਾਉਣੀ ਫ਼ਸਲ ਦੇ ਤਕਰੀਬਨ 92-98 ਦਿਨਾਂ ਦੇ ਮੁਕਾਬਲੇ) ਜ਼ਿਆਦਾ ਹੁੰਦਾ ਹੈ । ਇਸੇ ਕਾਰਨ ਤੇਜ਼ੀ ਨਾਲ ਆਲੂ/ਮਟਰ-ਬਹਾਰ ਰੁੱਤ ਮੱਕੀ-ਝੋਨੇ ਦਾ ਫ਼ਸਲੀ ਚੱਕਰ ਉਭਰਿਆ ਹੈ । ਕਿਸਾਨ ਇਸ ਨੂੰ ਲਾਭਦਾਇਕ ਅਤੇ ਮੁਨਾਫੇ ਵਾਲਾ ਹੋਣ ਕਰਕੇ ਅਪਣਾ ਰਹੇ ਹਨ । ਪਰ ਇਸ ਤੇਜ਼ੀ ਨਾਲ ਵੱਧ ਰਹੀ ਬਹਾਰ ਰੁੱਤ ਮੱਕੀ ਦੀ ਕਾਸ਼ਤ ਨਾਲ ਗੰਭੀਰ ਚਿੰਤਾ ਵੀ ਜੁੜੀ ਹੈ । ਲਾਭਕਾਰੀ ਹੋਣ ਦੇ ਬਾਵਜੂਦ ਬਹਾਰ ਰੁੱਤ ਮੱਕੀ ਨੂੰ ਬਹੁਤ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ । ਇਸ ਨੂੰ ਲਗਭਗ 15-18 ਸਿੰਚਾਈਆਂ ਲੱਗਦੀਆਂ ਹਨ । ਇੱਕ ਸਿੰਚਾਈ ਵਿੱਚ 55-75 ਮਿਲੀਮੀਟਰ ਪਾਣੀ ਦੀ ਲੋੜ ਹੁੰਦੀ ਹੈ । ਜਦੋਂ ਬਹਾਰ ਰੁੱਤ ਮੱਕੀ ਦੀ ਕਟਾਈ ਤੋਂ ਬਾਅਦ ਝੋਨੇ ਦੀ ਬਿਜਾਈ ਆ ਜਾਂਦੀ ਹੈ ਤਦ ਜ਼ਮੀਨੀ ਪਾਣੀ ਦੀ ਜ਼ਰੂਰਤ ਵੱਧ ਜਾਂਦੀ ਹੈ । ਜੇ ਇਸ ਤੇ ਘਟਾਇਆ ਨਾ ਗਿਆ ਤਾਂ ਇਹ ਲਾਭਕਾਰੀ ਲੱਗਣ ਵਾਲਾ ਫ਼ਸਲੀ ਚੱਕਰ ਪੰਜਾਬ ਦੀ ਖੇਤੀਬਾੜੀ ਦੀ ਸਥਿਰਤਾ ਲਈ ਇੱਕ ਵੱਡਾ ਖਤਰਾ ਬਣ ਸਕਦਾ ਹੈ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਬਹਾਰ ਰੁੱਤ ਮੱਕੀ ਦੀ ਨਿਯੰਤਰਿਤ ਕਾਸ਼ਤ ਦੀ ਸਿਫ਼ਾਰਿਸ਼ ਕਰਦੀ ਹੈ । ਸਥਿਰਤਾ ਦੇ ਦੋ ਸਭ ਤੋਂ ਮਹੱਤਵਪੂਰਨ ਸਤੰਭ ਹਨ :

1. ਸਿਫਾਰਸ਼ੀ ਸਮੇਂ ਵਿੱਚ ਹੀ ਬਿਜਾਈ
2. ਸਿਰਫ਼ ਬੈੱਡ ਤੇ ਤੁਪਕਾ ਸਿੰਚਾਈ ਨਾਲ ਕਾਸ਼ਤ

**ਬਿਜਾਈ ਸਮਾਂ** : 20 ਜਨਵਰੀ ਤੋਂ 15 ਫ਼ਰਵਰੀ ।

20 ਜਨਵਰੀ ਤੋਂ ਪਹਿਲਾਂ ਬਿਜਾਈ ਕਰਨ ਨਾਲ ਘੱਟ ਤਾਪਮਾਨ ਕਰਕੇ ਫ਼ਸਲ ਦੇ ਪੁੰਗਾਰ ਦਾ ਸਮਾਂ ਵੱਧ ਜਾਂਦਾ ਅਤੇ ਪੁੰਗਾਰ ਘੱਟ ਸਕਦਾ ਹੈ । 15 ਫ਼ਰਵਰੀ ਤੋਂ ਬਾਅਦ ਬਿਜਾਈ ਕਰਨ ਨਾਲ ਸ਼ਾਖ ਦੀ ਮੱਖੀ ਦਾ ਹਮਲਾ ਜ਼ਿਆਦਾ ਹੁੰਦਾ ਹੈ । ਦੇਰ ਨਾਲ ਬੀਜੀ ਮੱਕੀ ਜਦੋਂ ਬੂਰ ਅਤੇ ਸੂਤ ਕੱਟਦੀ ਹੈ ਤਾਂ ਤਕਰੀਬਨ 40 ਡਿਗਰੀ ਤੋਂ ਤਾਪਮਾਨ ਵੱਧ ਹੋਣ ਕਾਰਨ ਬੂਰ ਸੁੱਕ ਜਾਂਦਾ ਹੈ । ਇਸ ਨਾਲ ਪਰ-ਪਰਾਗਣ ਕ੍ਰਿਆ ਵਿੱਚ ਰੁਕਾਵਟ ਪੈ ਜਾਂਦੀ ਹੈ । ਜਿਸ ਕਾਰਨ ਦਾਣੇ ਘੱਟ ਪੈਂਦੇ ਹਨ ਅਤੇ ਝਾੜ ਘੱਟ ਜਾਂਦਾ ਹੈ । ਇਸ ਲਈ ਸਹੀ ਸਮੇਂ ਬਿਜਾਈ ਸਭ ਤੋਂ ਮਹੱਤਵਪੂਰਨ ਫ਼ੈਸਲਾ ਹੈ । ਵਧੇਰੇ ਝਾੜ ਲੈਣ ਲਈ 10 ਕਿਲੋ ਬੀਜ ਪ੍ਰਤੀ ਏਕੜ ਦੀ ਵਰਤੋਂ ਕਰਨੀ ਚਾਹੀਦੀ ਹੈ । ਬਹਾਰ ਰੁੱਤ ਦੀ ਮੱਕੀ ਦੀ ਸਫ਼ਲ ਕਾਸ਼ਤ ਵਿੱਚ ਬੀਜ ਦੀ ਸੋਧ ਦਾ ਅਹਿਮ ਯੋਗਦਾਨ ਹੈ, ਕਿਉਂਕਿ ਇਸ ਨਾਲ ਮੁੱਖ ਕੀੜੇ ਸ਼ਾਖ ਦੀ ਮੱਖੀ ਦੀ ਕਾਰਗਰ ਰੋਕਥਾਮ ਹੋ ਜਾਂਦੀ ਹੈ । ਬੀਜ ਨੂੰ ਕੀਟਨਾਸ਼ਕ ਦਵਾਈ ਗਾਚੋ (ਇਮਿਡਾਕਲੋਪਰਿਡ) 600 ਐਫ. ਐਸ. 6 ਮਿਲੀਲਿਟਰ ਪ੍ਰਤੀ ਕਿਲੋ ਦੇ ਹਿਸਾਬ ਨਾਲ ਸੋਧੋ । ਸੋਧੇ ਹੋਏ ਬੀਜ ਨੂੰ 14 ਦਿਨਾਂ ਦੇ ਅੰਦਰ-ਅੰਦਰ ਹੀ ਵਰਤਣਾ ਚਾਹੀਦਾ ਹੈ ।

**ਬੈੱਡ ਤੇ ਬਿਜਾਈ ਦੇ ਲਾਭ** : ਬੈੱਡ ਤੇ ਬਿਜਾਈ ਕਰਨ ਨਾਲ ਪੁੰਗਾਰ ਵਧੀਆ ਹੁੰਦਾ ਹੈ, ਫ਼ਸਲ ਘੱਟ ਡਿੱਗਦੀ ਹੈ ਅਤੇ ਪਾਣੀ ਦੀ ਬੱਚਤ ਵੱਧ ਹੁੰਦੀ ਹੈ । ਬੈੱਡ ਤੇ ਕਾਸ਼ਤ ਲਈ ਪੱਧਰੀ ਬਿਜਾਈ ਤੇ ਲਗਭਗ 17-25% ਤੱਕ ਪੈਦਾਵਾਰ ਵੱਧ ਸਕਦੀ ਹੈ ।



**ਤੁਪਕਾ ਸਿੰਚਾਈ** : ਖੁੱਲੀ ਸਿੰਚਾਈ ਬਹੁਤ ਜ਼ਿਆਦਾ ਪਾਣੀ ਦੀ ਖਪਤ ਕਰਦੀ ਹੈ, ਤੁਪਕਾ ਸਿੰਚਾਈ 40% ਤੱਕ ਪਾਣੀ ਦੀ ਬੱਚਤ ਕਰ ਸਕਦੀ ਹੈ ਅਤੇ ਪਾਣੀ ਦੀ ਵਰਤੋਂ ਦੀ ਕੁਸ਼ਲਤਾ ਨੂੰ 15-30% ਤੱਕ ਸੁਧਾਰ ਸਕਦੀ ਹੈ । 120 ਸੈਂਟੀਮੀਟਰ ਚੌੜੇ ਬੈੱਡ ਪ੍ਰਤੀ ਬੈੱਡ ਦੋ ਕਤਾਰਾਂ ਨਾਲ ਤਿਆਰ ਕੀਤੇ ਜਾਂਦੇ ਹਨ ਅਤੇ 30 ਸੈਂਟੀਮੀਟਰ ਡਰਿੱਪ ਦੀ ਦੂਰੀ ਹੋਵੇ । ਜੇ ਡਿਸਚਾਰਜ 2.2 ਲੀਟਰ ਪ੍ਰਤੀ ਘੰਟਾ ਪ੍ਰਤੀ ਡਰਿੱਪਰ ਹੋਵੇ ਤਾਂ ਹਰ ਦੂਜੇ ਦਿਨ ਸਿੰਚਾਈ ਦਾ ਸਮਾਂ ਫ਼ਰਵਰੀ, ਮਾਰਚ, ਅਪ੍ਰੈਲ ਅਤੇ ਮਈ ਵਿੱਚ ਕ੍ਰਮਵਾਰ 22, 64, 120 ਅਤੇ 130 ਮਿੰਟ ਰੱਖੋ ਕਿਉਂਕਿ ਤਾਪਮਾਨ ਵੱਧਣ ਦੇ ਨਾਲ-ਨਾਲ ਫ਼ਸਲ ਨੂੰ ਅਪ੍ਰੈਲ ਅਤੇ ਮਈ ਮਹੀਨੇ ਵਿੱਚ ਪਾਣੀ ਦੀ ਵੱਧ ਲੋੜ ਹੁੰਦੀ ਹੈ । ਜਦੋਂ ਮੱਕੀ ਬੂਰ ਤੇ ਸੂਤ ਕੱਤਦੀ ਹੈ ਉਸ ਸਮੇਂ ਸਿੰਚਾਈ ਬਹੁਤ ਜ਼ਰੂਰੀ ਹੈ ਕਿਉਂਕਿ ਤਾਪਮਾਨ ਜ਼ਿਆਦਾ ਹੁੰਦਾ ਹੈ ।

**ਨਦੀਨਾਂ ਅਤੇ ਕੀੜਿਆਂ ਦੀ ਰੋਕਥਾਮ** : ਨਦੀਨ ਫ਼ਸਲ ਵਿੱਚ ਪਾਣੀ, ਖ਼ੁਰਾਕੀ ਤੱਤਾਂ, ਰੋਸ਼ਨੀ ਲਈ ਮੁਕਾਬਲਾ ਕਰਦੇ ਹਨ । ਪੂਰਾ ਝਾੜ ਲੈਣ ਲਈ ਸ਼ੁਰੂਆਤੀ 4-6 ਹਫ਼ਤੇ ਤੱਕ ਮੱਕੀ ਨੂੰ ਨਦੀਨਾਂ ਤੋਂ ਬਚਾਉਣਾ ਜ਼ਿਆਦਾ ਜ਼ਰੂਰੀ ਹੈ । ਦਰਮਿਆਨੀਆਂ ਤੇ ਭਾਰੀਆਂ ਜ਼ਮੀਨਾਂ ਵਿੱਚ ਫ਼ਸਲ ਉੱਗਣ ਤੋਂ ਪਹਿਲਾਂ 800 ਗ੍ਰਾਮ ਐਟਰਾਟਫ 50 ਡਬਲਯੂ.ਪੀ. (ਐਟਰਾਜੀਨ) ਪ੍ਰਤੀ ਏਕੜ ਅਤੇ ਹਲਕੀਆਂ ਜ਼ਮੀਨਾਂ ਵਿੱਚ 500 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਤੋਂ 10 ਦਿਨ ਦੇ ਅੰਦਰ-ਅੰਦਰ 200 ਲਿਟਰ ਪਾਣੀ ਦੀ ਵਰਤੋਂ ਕਰਕੇ ਛਿੜਕਾਅ ਕਰਨ ਨਾਲ ਘਾਹ ਜਾਤੀ ਅਤੇ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਸ਼ਾਖ ਦੀ ਮੱਖੀ ਇੱਕ ਵੱਡਾ ਕੀਟ ਹੈ ਜਿਸ ਨੂੰ ਬੀਜ ਦੀ ਸੋਧ ਕਰਕੇ ਵੀ ਰੋਕਿਆ ਜਾ ਸਕਦਾ ਹੈ । ਕਿਸਾਨਾਂ ਨੂੰ ਫਾਲ ਆਰਮੀਵਰਮ ਲਈ ਵੀ ਸੁਚੇਤ ਰਹਿਣਾ ਚਾਹੀਦਾ ਹੈ ਜਿਸ ਦੀ ਪਛਾਣ ਇਸ ਦੇ ਸਿਰ ਤੇ ਉਲਟੇ ਆਕਾਰ ਦੇ Y ਨਿਸ਼ਾਨ ਅਤੇ ਪੂਛ ਦੇ ਸਿਰੇ ਤੇ ਚਾਰ ਕਾਲੇ ਧੱਬੇ ਹਨ । ਸਮੇਂ ਤੇ ਬਿਜਾਈ ਨਾਲ ਇਸ ਦਾ ਖਤਰਾ ਘੱਟ ਹੁੰਦਾ ਹੈ ਜੇ ਇਸ ਕੀੜੇ ਦਾ ਹਮਲਾ ਹੋਵੇ ਤਾਂ ਕੋਰਾਜਨ, ਡੈਲੀਗੇਟ ਜਾਂ ਮਿਜ਼ਾਈਲ ਕੀਟਨਾਸ਼ਕ ਦਾ ਸਿਫ਼ਾਰਸ਼ ਅਨੁਸਾਰ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰਨਾ ਚਾਹੀਦਾ ਹੈ ।

**ਕਟਾਈ ਅਤੇ ਬਾਜ਼ਾਰ ਮੁੱਲ** : ਜਦੋਂ ਮੱਕੀ ਦੀ ਛੱਲੀਆਂ ਦੇ ਪਰਦੇ ਸੁੱਕ ਜਾਣ ਅਤੇ ਦਾਣੇ ਸਖਤ ਹੋ ਜਾਣ ਤਾਂ ਕਟਾਈ ਕਰਨੀ ਚਾਹੀਦੀ ਹੈ । ਅੱਜ ਕੱਲ੍ਹ ਕੰਬਾਈਨ ਨਾਲ ਕਟਾਈ ਵੀ ਪ੍ਰਚਲਿਤ ਹੈ । ਹਰੀਆਂ ਛੱਲੀਆਂ ਮਾਰਕੀਟ ਵਿੱਚ ਚੰਗੀ ਕੀਮਤ ਨਾਲ ਵਿਕਦੀਆਂ ਹਨ ਅਤੇ ਹਰੇ ਬੂਟੇ ਵਧੀਆ ਚਾਰੇ ਵਜੋਂ ਕੰਮ ਆਉਂਦੇ ਹਨ ।

**ਨਤੀਜਾ** : ਬਹਾਰ ਰੁੱਤ ਮੱਕੀ ਦੀ ਵੱਧਦੀ ਮੰਗ ਨੂੰ ਵਿਗਿਆਨਿਕ ਜ਼ਿੰਮੇਵਾਰੀ ਨਾਲ ਜੋੜਨਾ ਲਾਜ਼ਮੀ ਹੈ । ਬਹਾਰ ਰੁੱਤ ਮੱਕੀ ਦੀ ਪੰਜਾਬ ਦੇ ਭੂਮੀਗਤ ਜਲ ਨੂੰ ਬਿਨਾਂ ਨੁਕਸਾਨ ਪਹੁੰਚਾਏ ਸਹੀ ਸਮੇਂ ਬਿਜਾਈ ਅਤੇ ਸਿਰਫ਼ ਬੈੱਡ ਤੇ ਤੁਪਕਾ ਸਿੰਚਾਈ ਨਾਲ ਲਾਭਕਾਰੀ ਰਹੇਗੀ ।

# ਪੰਜਾਬ ਦੀ ਦਸ਼ਾ ਅਤੇ ਦਿਸ਼ਾ

**ਅਸੀਂ ਅੱਜ ਵੀ 'ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ' ਦੇ ਪੁਰਾਣੇ ਖੇਤੀਬਾੜੀ ਮਾਹੌਲ ਵਿੱਚ ਫਸੇ ਹੋਏ ਹਾਂ । ਅਸੀਂ ਘੱਟ ਮੁੱਲ ਵਾਲੀਆਂ ਨਰਮ ਫ਼ਸਲਾਂ ਪੈਦਾ ਕਰ ਰਹੇ ਹਾਂ ਅਤੇ ਸਾਲਾਨਾ ਐਮ. ਐੱਸ. ਪੀ. ਵਜੋਂ ਆਉਣ ਵਾਲੇ ਲਗਭਗ 75,000 ਕਰੋੜ ਰੁਪਏ ਦੇ ਸਿਰ ਗੁਜ਼ਾਰਾ ਕਰ ਰਹੇ ਹਾਂ ।**



ਰਮੇਸ਼ ਇੰਦਰ ਸਿੰਘ
ਪੰਜਾਬ ਦੇ ਸਾਬਕਾ ਆਈ ਏ ਐੱਸ ਅਧਿਕਾਰੀ

ਮਹੀਨਾ ਕੁ ਪਹਿਲਾਂ, ਆਂਧਰਾ ਪ੍ਰਦੇਸ਼ ਨੇ ਰਾਜ ਦੇ ਦਸ ਲੱਖ ਨਿਵਾਸੀਆਂ ਨੂੰ ਕੁਆਂਟਮ ਤਕਨੀਕ ਵਿਧੀ ਅਤੇ ਕੁਆਂਟਮ ਕੰਪਿਊਟਰ ਨਿਰਮਾਣ ਵਿੱਚ ਨਿਪੁੰਨ ਕਰਨ ਲਈ ਇੱਕ ਨਵੀਂ ਪਹਿਲ ਕੀਤੀ ਹੈ ਤਾਂ ਜੋ ਰਾਜ ਨੂੰ 'ਕੁਆਂਟਮ ਵੈਲੀ' ਵਜੋਂ ਵਿਕਸਤ ਕੀਤਾ ਜਾ ਸਕੇ । ਲਾਂਚ ਵਾਲੇ ਦਿਨ ਹੀ, ਸਮੁੱਚੇ ਸੂਬੇ ਦੇ 50,000 ਵਿਦਿਆਰਥੀਆਂ ਨੇ ਇਸ ਪ੍ਰਜੈਕਟ ਲਈ ਰਜਿਸਟ੍ਰੇਸ਼ਨ ਕਰਵਾਈ ਜੋ ਕਿ ਸੂਚਨਾ ਤਕਨੀਕ (ਆਈਟੀ) ਦੇ ਸਾਧਨਾਂ ਰਾਹੀਂ ਇਸ ਨਾਲ ਜੁੜੇ ਸਨ । ਏ. ਆਈ. (ਆਰਟੀਫੀਸ਼ੀਅਲ ਇੰਟੈਲੀਜੈਂਸ) ਖੇਤਰ ਵਿੱਚ ਮੌਲਿਕ ਖੋਜ ਅਤੇ ਰਾਜ ਦੇ ਉਸ ਵਿਅਕਤੀ ਨੂੰ 100 ਕਰੋੜ ਰੁਪਏ ਦਾ ਇਨਾਮ ਦੇਣ ਦੇ ਐਲਾਨ ਕਿ ਜਿਹੜਾ ਆਪਣੇ ਹੁਨਰ ਨਾਲ ਸਭ ਤੋਂ ਪਹਿਲਾਂ ਨੋਬੇਲ ਪੁਰਸਕਾਰ ਜਿੱਤੇਗਾ, ਤੋਂ ਮਗਰੋਂ ਨੌਜਵਾਨ ਤੇ ਉਦਯੋਗ ਜਗਤ ਇਸ ਚੁਣੌਤੀ ਨੂੰ ਸਰ ਕਰਨ ਦੀ ਦੌੜ ਵਿੱਚ ਜੁੱਟ ਗਏ ਹਨ ।



ਦੂਜੇ ਪਾਸੇ, ਨੌਂ ਸੂਬੇ, ਜਿਨ੍ਹਾਂ ਵਿੱਚ ਅਸਾਮ ਅਤੇ ਝਾਰਖੰਡ ਵਰਗੇ ਅਵੇਸਲੇ ਅਖਵਾਉਂਦੇ ਰਾਜ ਵੀ ਸ਼ਾਮਲ ਸਨ, ਜਨਵਰੀ ਵਿੱਚ ਦਾਵੋਸ ਪੁੱਜੇ, ਜਿੱਥੇ ਉਹ ਆਪਣਾ ਜ਼ੋਰ ਦਿਖਾਉਣ ਅਤੇ ਡਿਜ਼ੀਟਲ ਐੱਫ ਡੀ ਆਈ (ਨਿਵੇਸ਼) ਤੇ ਸਪਲਾਈ ਲੜੀਆਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰ ਰਹੇ ਸਨ । ਅਸੀਂ ਕਿੱਥੇ ਰੁੱਝੇ ਹੋਏ ਹਾਂ ? ਇਹ ਹੈ ਰਾਜਨੀਤਕ ਤੂੰ ਤੂੰ ਮੈਂ ਮੈਂ, ਗੈਂਗਸਟਰ ਅਤੇ ਹਿੰਸਾ, 'ਚਿੱਟਾ' ਜਿਸ ਨੇ ਸਾਨੂੰ 'ਉੱਡਦੇ ਪੰਜਾਬ' ਦਾ ਖਿਤਾਬ ਦਿੱਤਾ, ਸਮਾਜਿਕ ਟਕਰਾਅ, ਬੇਅਦਬੀ ਦੀਆਂ ਘਟਨਾਵਾਂ ਜੋ ਨਿਰੰਤਰ ਉਬਾਲ 'ਤੇ ਹਨ, ਕਿਸਾਨ ਅੰਦੋਲਨ ਲੰਮੇ ਸਮੇਂ ਤੋਂ ਅਣਸੁਲਝੇ ਅੰਤਰ-ਰਾਜੀ ਵਿਵਾਦ, ਪਰਵਾਸ ਦੇ ਤੌਰ-ਤਰੀਕੇ ਜਿਨ੍ਹਾਂ ਵਿੱਚ 'ਡੰਕੀ ਰੂਟ' ਵੀ ਸ਼ਾਮਲ ਹੈ ਅਤੇ ਮੁਫ਼ਤ ਸੌਗਾਤਾਂ । ਅਸੀਂ ਇੱਕ ਗੈਰ-ਵਿਕਾਸਾਤਮਕ ਚੱਕਰ ਵਿੱਚ ਫਸੇ ਹੋਏ ਹਾਂ- ਇੱਕ ਅਜਿਹਾ ਸਮਾਜ ਜੋ ਖ਼ੁਦ ਨਾਲ ਹੀ ਟਕਰਾਅ ਵਿੱਚ ਪਿਆ ਹੋਇਆ ਹੈ । ਪੰਜਾਬ, ਜੋ ਕਦੇ ਪਹਿਲੇ ਨੰਬਰ 'ਤੇ ਹੁੰਦਾ ਸੀ, ਹੁਣ ਪ੍ਰਤੀ ਵਿਅਕਤੀ ਆਮਦਨ ਵਰਗੇ ਆਰਥਿਕ ਪੈਮਾਨਿਆਂ ਵਿੱਚ 19ਵੇਂ ਸਥਾਨ 'ਤੇ ਖਿਸਕ ਗਿਆ ਹੈ, ਨਾ ਮਾਤਰ ਪੂੰਜੀ ਉਤਪਤੀ ਦੇ ਨਾਲ ਜੀ ਡੀ ਪੀ ਦੀ ਵਿਕਾਸ ਦਰ ਕਾਫ਼ੀ ਘੱਟ ਹੈ, ਕਿਸਾਨੀ ਤੇ ਵਾਤਾਵਰਨ ਦਾ ਸੰਕਟ ਹੈ, ਉੱਚੀ ਬੇਰੁਜ਼ਗਾਰੀ ਦਰ ਦੇ ਨਾਲ ਐਮ ਐੱਸ ਐਮ ਈ ਦੀ ਬੁਨਿਆਦ ਨੂੰ ਵੀ ਖੋਰਾ ਲੱਗਾ ਹੈ । ਇਸ ਸਥਿਤੀ ਲਈ ਵੱਡੇ ਪੱਧਰ ਉੱਤੇ ਸੂਬਾ ਜ਼ਿੰਮੇਵਾਰ ਹੈ, ਮੁੱਖ ਤੌਰ 'ਤੇ ਰਾਜ ਦੀ ਲੀਡਰਸ਼ਿਪ । ਪਰ ਪੰਜਾਬੀ ਖ਼ੁਦ ਵੀ ਬਰਾਬਰ ਦੇ ਕਸੂਰਵਾਰ ਹਨ । ਇਹ ਸੰਕਟ ਸਾਡੇ ਅਤੀਤ, ਸਮਾਜਿਕ-ਸੱਭਿਆਚਾਰਕ ਚਰਿੱਤਰ ਅਤੇ ਵਤੀਰੇ ਵਿੱਚ ਗਹਿਰਾ ਜੜਿਆ ਹੋਇਆ ਹੈ । ਸਿਆਸਤ, ਸਮਾਜ ਅਤੇ ਆਰਥਿਕਤਾ ਇੱਕ ਦੂਜੇ ਨਾਲ ਡੂੰਘੇ ਜੁੜੇ ਹੋਏ ਹਨ । ਜਿਸ ਤਰ੍ਹਾਂ 'ਰਾਜਨੀਤਕ ਆਰਥਿਕਤਾ' ਹੁੰਦੀ ਹੈ, ਉਸੇ ਤਰ੍ਹਾਂ ਇੱਕ 'ਵਿਚਾਰਧਾਰਕ ਆਰਥਿਕਤਾ' ਵੀ ਹੁੰਦੀ ਹੈ, ਜੋ ਵਿਕਾਸ ਦੇ ਸਿੱਟਿਆਂ ਨੂੰ ਨਿਰਧਾਰਤ ਕਰਦੀ ਹੈ । ਸਰਕਾਰਾਂ ਉਹੀ ਦੇਣ ਦੀ ਕੋਸ਼ਿਸ਼ ਕਰਦੀਆਂ ਹਨ, ਜਿਸ ਨੂੰ ਲੋਕ ਤਰਜੀਹ ਦਿੰਦੇ ਹਨ । ਜੇਕਰ ਤੁਸੀਂ ਮੁਫ਼ਤ ਬੱਸ ਸਫਰ ਅਤੇ ਮੁਫ਼ਤ ਬਿਜਲੀ ਚਾਹੁੰਦੇ ਹੋ, ਤਾਂ ਤੁਹਾਨੂੰ ਉਹੀ ਮਿਲੇਗਾ, ਭਾਵੇਂ ਇਸ ਨਾਲ ਰਾਜ ਦਾ ਕਰਜ਼ ਜੀਡੀਪੀ ਅਨੁਸਾਰ ਦੇਸ਼ ਵਿੱਚ ਦੂਜਾ ਸਭ ਤੋਂ ਮਾੜਾ ਹੀ ਕਿਉਂ ਨਾ ਹੋ ਜਾਵੇ ।

ਇਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਪੱਛੜੇ ਹੋਏ ਹਾਂ, ਗੱਲ ਬਸ ਇਹ ਹੈ ਕਿ ਸਾਡਾ ਰਵੱਈਆ, ਨੀਤੀ ਤੇ ਸੰਸਾਰਕ ਦ੍ਰਿਸ਼ਟੀਕੋਣ ਆਰਥਿਕ ਕ੍ਰਾਂਤੀ ਦੇ ਅਜੋਕੇ ਖਾਕੇ ਦੀਆਂ ਲੋੜਾਂ ਅਨੁਸਾਰ ਬਦਲਣਾ ਚਾਹੀਦਾ ਹੈ । ਬਰਤਾਨਵੀ ਪ੍ਰਸ਼ਾਸਕ ਸਰ ਮੈਲਕਮ ਡਾਰਲਿੰਗ ਨੇ ਪੰਜਾਬੀਆਂ ਨੂੰ 'ਇਨਸਾਨਾਂ ਦਾ ਸਭ ਤੋਂ ਵਧੀਆ ਨਮੂਨਾ' ਦੱਸਿਆ ਸੀ ਅਤੇ ਇਸ ਦੀ ਪੁਸ਼ਟੀ ਕਿਸੇ ਹੋਰ ਨੇ ਨਹੀਂ ਬਲਕਿ ਭਾਰਤ ਸਰਕਾਰ ਨੇ 'ਗੁੱਡ ਗਵਰਨੈਂਸ ਇੰਡੈਕਸ' ਦੀ ਪਿਛਲੀ ਰਿਪੋਰਟ ਵਿੱਚ ਖ਼ੁਦ ਕੀਤੀ ਹੈ, ਜਿਸ ਵਿੱਚ ਪੰਜਾਬ ਨੂੰ ਮਨੁੱਖੀ ਸਰੋਤ ਵਿਕਾਸ ਦੇ ਮਾਮਲੇ ਵਿੱਚ ਸਾਰੇ ਰਾਜਾਂ ਵਿੱਚੋਂ ਪਹਿਲਾ ਦਰਜਾ ਦਿੱਤਾ ਗਿਆ ਹੈ ।

ਫਿਰ ਗਲਤੀ ਕਿੱਥੇ ਹੋਈ ? ਜੇ ਸੌਖੇ ਸ਼ਬਦਾਂ ਵਿੱਚ ਕਹੀਏ, ਤਾਂ ਇਹ ਪੰਜਾਬੀਆਂ ਦੀ ਸਮਾਜਿਕ ਨਾਕਾਮੀ ਹੈ ਜੋ 'ਜਿਸਮਾਨੀ ਦਲ' ਨੂੰ 'ਬੌਧਿਕ ਸ਼ਕਤੀ' ਵਿੱਚ ਬਦਲਣ ਵਿੱਚ ਅਸਫ਼ਲ ਹੋ ਗਏ । ਸਰੀਰਕ ਜੋਸ਼, ਬਹਾਦਰੀ ਅਤੇ ਕੁਰਬਾਨੀਆਂ ਜਿਨ੍ਹਾਂ ਪੰਜਾਬੀਆਂ ਨੂੰ ਫੌਜ, ਖੇਤੀਬਾੜੀ, ਟਰਾਂਸਪੋਰਟ ਅਤੇ ਖੇਡਾਂ ਵਰਗੇ 'ਸਰੀਰਕ ਬਲ' ਦੇ ਕਿੱਤਿਆਂ ਵਿੱਚ ਸ਼ਾਨਦਾਰ ਉਚਾਈਆਂ 'ਤੇ ਪਹੁੰਚਾਇਆ ਸੀ, ਨੂੰ ਇੱਕ 'ਚਿੰਤਨ ਅਤੇ ਗਿਆਨ' ਅਧਾਰਿਤ ਸਮਾਜ ਦੀ ਸਿਰਜਣਾ ਲਈ ਵਰਤਣ ਵਿੱਚ ਪੱਛੜ ਗਏ ਜਿਹੜਾ ਅਜੋਕੇ ਯੁੱਗ ਦੀਆਂ ਵਿਗਿਆਨਕ ਤਬਦੀਲੀਆਂ ਦੀਆਂ ਜ਼ਰੂਰਤਾਂ ਨੂੰ ਸਮਝ ਸਕੇ ਅਤੇ ਨਵੀਆਂ ਕਾਢਾਂ ਕੱਢ ਸਕੇ ।

ਦੂਜਾ ਕਾਰਨ ਹੈ ਕਿ ਸਮਾਜ ਦਾ ਬਾਜ਼ਾਰਾਂ, ਵਪਾਰ, ਧਰਮ, ਕਾਨੂੰਨ ਤੇ ਅਪਰਾਧ, ਸਰਕਾਰ, ਔਰਤਾਂ ਅਤੇ ਇਤਿਹਾਸ ਪ੍ਰਤੀ ਨਜ਼ਰੀਆ ਸਿੱਟਿਆਂ 'ਤੇ ਅਸਰ ਪਾਉਂਦਾ ਹੈ । ਅੱਜ ਦੇ ਦੌਰ ਵਿੱਚ ਆਰਥਿਕਤਾ ਅਤੇ ਵਿੱਤ ਹੀ ਵਿਕਾਸ ਦਾ ਪੈਮਾਨਾ ਹਨ, ਪਰ ਪੰਜਾਬੀਆਂ (ਖ਼ਾਸ ਕਰਕੇ ਪੇਂਡੂ ਆਬਾਦੀ) ਵਿੱਚ ਵਪਾਰ ਅਤੇ ਵਿੱਤੀ ਮਾਮਲਿਆਂ ਦੀ ਸਮਝ ਬਹੁਤ ਘੱਟ ਹੈ । ਸਾਡੇ ਅਤੇ ਪਾਰਸੀਆਂ, ਗੁਜਰਾਤੀਆਂ ਜਾਂ ਮਾਰਵਾੜੀਆਂ (ਜੋ ਗਿਣਤੀ ਵਿੱਚ ਬਹੁਤ ਘੱਟ ਹਨ) ਦੇ ਵਿਚਾਲੇ ਫਰਕ ਸਪੱਸ਼ਟ ਦੇਖਿਆ ਜਾ ਸਕਦਾ ਹੈ ।

ਅਸੀਂ ਅੱਜ ਵੀ 'ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ' ਦੇ ਪੁਰਾਣੇ ਖੇਤੀਬਾੜੀ ਮਾਹੌਲ ਵਿੱਚ ਫਸੇ ਹੋਏ ਹਾਂ । ਅਸੀਂ ਘੱਟ ਮੁੱਲ ਵਾਲੀਆਂ ਨਰਮ ਫ਼ਸਲਾਂ ਪੈਦਾ ਕਰ ਰਹੇ ਹਾਂ ਅਤੇ ਸਾਲਾਨਾ ਐਮ. ਐੱਸ. ਪੀ. ਵਜੋਂ ਆਉਣ ਵਾਲੇ ਲਗਭਗ 75,000 ਕਰੋੜ ਰੁਪਏ ਦੇ ਸਿਰ ਗੁਜ਼ਾਰਾ ਕਰ ਰਹੇ ਹਾਂ । ਜੀ. ਡੀ. ਪੀ. ਵਿੱਚ ਖੇਤੀਬਾੜੀ ਦਾ ਹਿੱਸਾ ਘੱਟ ਕੇ 25 ਪ੍ਰਤੀਸ਼ਤ ਰਹਿ ਗਿਆ ਹੈ, ਪਰ ਅਜੇ ਵੀ 45 ਪ੍ਰਤੀਸ਼ਤ ਆਬਾਦੀ ਇਸ 'ਤੇ ਨਿਰਭਰ ਹੈ, ਜਦਕਿ ਵਾਤਾਵਰਨ ਦੀ ਸਥਿਤੀ ਲਗਾਤਾਰ ਵਿਗੜ ਰਹੀ ਹੈ । ਸਾਡੀ ਸਭ ਤੋਂ ਵੱਡੀ ਮੰਗ 'ਸਵਾਮੀਨਾਥਨ ਫਾਰਮੂਲਾ' ਹੈ, ਪਰ ਅਸੀਂ ਇਹ ਨਹੀਂ ਸਮਝ ਰਹੇ ਕਿ ਇਸ ਨਾਲ ਔਸਤ ਪੇਂਡੂ ਘਰ ਦੀ ਆਮਦਨ ਮੌਜੂਦਾ 31,500 ਰੁਪਏ ਤੋਂ ਵੱਧ ਕੇ ਵੱਧ ਤੋਂ ਵੱਧ 45-50 ਹਜ਼ਾਰ ਰੁਪਏ ਹੀ ਹੋਵੇਗੀ ।

ਸਾਡਾ ਸੇਵਾ ਖੇਤਰ (ਸਰਵਿਸ ਸੈਕਟਰ), ਜੋ ਅਰਥਚਾਰੇ ਦਾ 46 ਪ੍ਰਤੀਸ਼ਤ ਹੈ, ਟਰਾਂਸਪੋਰਟ, ਰੈਸਟੋਰੈਂਟ, ਰਿਟੇਲ ਵਪਾਰ ਅਤੇ ਰੀਅਲ ਅਸਟੇਟ ਵਰਗੇ ਘੱਟ ਮੁੱਲ ਵਾਲੇ ਕੰਮਾਂ ਤੱਕ ਸੀਮਤ ਹੈ, ਜਿੱਥੇ ਕਾਮਿਆਂ ਨੂੰ ਬਹੁਤ ਘੱਟ ਤਨਖਾਹ ਮਿਲਦੀ ਹੈ । ਡੀ ਪੀ ਆਈ ਆਈ ਟੀ ਵੱਲੋਂ ਸੂਬੇ ਨੂੰ ਲਗਾਤਾਰ ਦੋ ਸਾਲ 'ਉੱਚ ਕਾਰਗੁਜ਼ਾਰੀ' ਵਾਲੇ ਰਾਜ ਦਾ ਦਰਜਾ ਦੇਣ ਦੇ ਬਾਵਜੂਦ ਉਦਯੋਗ ਅਤੇ ਵਿਦੇਸ਼ੀ ਨਿਵੇਸ਼ (ਐੱਫ ਡੀ ਆਈ) ਪੰਜਾਬ ਤੋਂ ਦੂਰ ਭੱਜ ਰਹੇ ਹਨ । ਸੂਬੇ ਜਾਂ ਵਿਅਕਤੀਆਂ ਕੋਲ ਨਵੇਂ ਨਿਰਮਾਣ ਯੂਨਿਟ ਲਗਾਉਣ ਲਈ ਵਾਧੂ ਪੂੰਜੀ ਜਾਂ ਭਵਿੱਖਮੁਖੀ ਤਕਨੀਕੀ ਮੁਹਾਰਤ ਦੀ ਘਾਟ ਹੈ ।

ਇਸ ਦਾ ਹੱਲ ਕੀ ਹੈ ? ਮਨੁੱਖੀ ਸਰੋਤਾਂ ਨੂੰ ਆਧੁਨਿਕ ਵਿਕਾਸ ਦੇ ਖ਼ਾਕੇ ਅਨੁਸਾਰ ਗਿਆਨ ਅਤੇ ਹੁਨਰ ਨਾਲ ਲੈਸ ਕਰਨ ਲਈ ਇੱਕ ਵੱਡੀ ਮੁਹਿੰਮ ਚਲਾਉਣੀ ਪਵੇਗੀ, ਬਿਲਕੁਲ ਉਸ ਤਰ੍ਹਾਂ ਦੀ ਜਿਵੇਂ ਅਸੀਂ ਅਨਪੜ੍ਹਤਾ ਨੂੰ ਖਤਮ ਕਰਨ ਲਈ ਚਲਾਈ ਸੀ ਤੇ ਸੌ ਪ੍ਰਤੀਸ਼ਤ ਦਾਖ਼ਲੇ ਤੇ ਬਾਲਗ ਵਿੱਦਿਆ ਯਕੀਨੀ ਬਣਾਈ ਸੀ । ਉਸੇ ਤਰ੍ਹਾਂ ਦਾ ਉੱਦਮ ਆਰਥਿਕਤਾ ਤੇ ਸਮਾਜ ਦੇ ਹਰ ਖੇਤਰ ਵਿੱਚ ਕਰਨ ਦੀ ਲੋੜ ਹੈ ।

ਖੇਤੀਬਾੜੀ ਵਿੱਚ ਉਦਾਹਰਨ ਵਜੋਂ ਸਾਨੂੰ 'ਪ੍ਰੀਸਿਜ਼ਨ ਫਾਰਮਿੰਗ' (ਡੇਟਾ-ਅਧਾਰਿਤ ਖੇਤੀ) ਤੇ ਭੂਮੀ ਪ੍ਰਬੰਧਨ, ਸੂਖ਼ਮ ਤਕਨੀਕਾਂ, ਬਾਇਓਟੈਕਨਾਲੋਜੀ ਅਤੇ ਤਕਨੀਕ ਆਧਾਰਿਤ ਖੇਤੀ ਵੱਲ ਵਧਣਾ ਪਵੇਗਾ । ਇਸ ਨਾਲ ਆਮਦਨ ਵੱਧੇਗੀ ਅਤੇ ਵਾਤਾਵਰਨ ਬਚੇਗਾ । ਖੇਤੀਬਾੜੀ ਤੋਂ ਵਿਹਲੇ ਹੋਏ ਲੋਕਾਂ ਨੂੰ ਦੂਜੇ ਪੇਸ਼ਿਆਂ ਵਿੱਚ ਮਾਹਿਰ ਬਣਾਉਣਾ ਹੋਵੇਗਾ ਤਾਂ ਕਿ ਸਮਾਨਤਾ ਤੇ ਸਮਾਜਿਕ ਨਿਆਂ ਯਕੀਨੀ ਬਣੇ । ਮਿਸਾਲ ਵਜੋਂ ਹਰਿਆਣਾ ਵਰਗੇ ਸੂਬੇ, ਜਿੱਥੇ ਤਾਜ਼ੇ ਪਾਣੀ ਦੇ ਸਰੋਤ ਘੱਟ ਹਨ, ਵਿੱਚ ਮੱਛੀ ਪਾਲਣ ਵਿੱਚ ਦਰਿਆਵਾਂ ਦੀ ਧਰਤੀ ਪੰਜਾਬ ਨਾਲੋਂ ਵੱਧ ਉਤਪਾਦਨ ਹੋ ਰਿਹਾ ਹੈ । ਸਾਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ।

ਇਸ ਤਬਦੀਲੀ ਲਈ ਖੋਜ ਅਤੇ ਵਿਕਾਸ ਦੇ ਯਤਨਾਂ (ਆਰ ਐਂਡ ਡੀ), ਆਈ.ਟੀ. (ਸੂਚਨਾ ਤਕਨੀਕ) ਅਤੇ ਏ.ਆਈ. ਦੇ ਢਾਂਚੇ ਨੂੰ ਮਜ਼ਬੂਤ ਕਰਨ ਦੀ ਲੋੜ ਹੈ । ਸਾਨੂੰ ਕੇਂਦਰ ਸਰਕਾਰ, ਪ੍ਰਾਈਵੇਟ ਨਿਵੇਸ਼ਕਾਂ, ਕਾਰਪੋਰੇਟ ਜਗਤ ਦੀ ਮਦਦ ਦੀ ਲੋੜ ਪਏਗੀ ਅਤੇ ਇਸ ਤੋਂ ਇਲਾਵਾ ਆਪਣੀਆਂ ਯੂਨੀਵਰਸਿਟੀਆਂ, ਖੋਜ ਸੰਸਥਾਵਾਂ ਤੇ ਪ੍ਰਸ਼ਾਸਕੀ ਢਾਂਚਿਆਂ ਨੂੰ ਸਰਗਰਮ ਕਰਨਾ ਪਵੇਗਾ । ਇਸ ਦੇ ਨਾਲ ਹੀ ਸਮਾਜਿਕ ਪ੍ਰਤੀਨਿਧੀਆਂ ਜਿਵੇਂ ਕਿ ਡੇਰਿਆਂ, ਗੁਰਦੁਆਰਿਆਂ, ਐੱਨ.ਜੀ.ਓ. ਅਤੇ ਸਵੈ ਸਹਾਇਤਾ ਗਰੁੱਪਾਂ ਦੀ ਮਦਦ ਲੈਣੀ ਚਾਹੀਦੀ ਹੈ ਤਾਂ ਕਿ ਮੁਕਾਮੀ ਪੱਧਰ 'ਤੇ ਸਿੱਖਣ ਦੇ ਮੰਚ ਬਣ ਸਕਣ । ਹੜ੍ਹ ਰਾਹਤ ਵਿੱਚ ਇਨ੍ਹਾਂ ਦੀ ਵੱਡੀ ਭੂਮਿਕਾ ਨੇ ਇਨ੍ਹਾਂ ਦੀ ਪਹੁੰਚ, ਸਰੋਤਾਂ ਤੇ ਯੋਗਤਾ ਦੀ ਪੁਸ਼ਟੀ ਕੀਤੀ ਸੀ, ਚੁਣੌਤੀ ਇਨ੍ਹਾਂ ਨੂੰ ਤਰਤੀਬ ਵਿੱਚ ਕਰਨ ਦੀ ਹੈ ।

ਜੇ ਅਸੀਂ ਅੱਜ ਕੁੱਝ ਨਾ ਕੀਤਾ ਤਾਂ ਨਤੀਜੇ ਘਾਤਕ ਹੋਣਗੇ । ਪੰਜਾਬ ਇੱਕ ਨਾਜ਼ੁਕ ਮੋੜ 'ਤੇ ਖੜ੍ਹਾ ਹੈ ਤੇ ਮੈਂ ਉਹੀ ਚਿਤਾਵਨੀ ਦਿੰਦਿਆਂ ਗੱਲ ਖ਼ਤਮ ਕਰਨਾ ਚਾਹਾਂਗਾ ਜਿਹੜੀ ਕਦੇ ਇਤਿਹਾਸਕਾਰ ਆਰਨਲਡ ਟੋਇਨਬੀ ਨੇ ਦਿੱਤੀ ਸੀ - ''ਸੱਭਿਅਤਾਵਾਂ ਦਾ ਕਤਲ ਨਹੀਂ ਹੁੰਦਾ, ਉਹ ਖ਼ੁਦਕੁਸ਼ੀ ਕਰਦੀਆਂ ਹਨ ।'' ਹੁਣ ਚੋਣ ਪੰਜਾਬੀਆਂ ਨੇ ਕਰਨੀ ਹੈ ।

No.1
RURAL WEEKLY
Now Think Before Advertising
KHETI DUNIYAN RETAINS
LEADERSHIP
IN
READERSHIP



KHETI DUNIYAN
VOICE OF THE FARMERS
KD COMPLEX, GAUSHALA ROAD, NEAR SHER-E-PUNJAB MARKET, PATIALA-147001 (PB.) INDIA
Mob. 90410-14575
khetiduniyan1983@gmail.com

RNI/PUNPUN00806 (42269/83) Postage Registered No. PB/PTA/0338/2025-2027

# ਪੀਲੀ ਕੁੰਗੀ ਤੋਂ ਬਚਾਅ ਲਈ ਕਿਸਾਨ ਕਰਦੇ ਰਹਿਣ ਸਰਵੇਖਣ : ਮਾਹਰ

**★ ਪੱਤਿਆਂ ਉੱਪਰ ਬਣ ਜਾਂਦੀਆਂ ਹਨ ਪੀਲੇ ਰੰਗ ਦੀਆਂ ਧਾਰੀਆਂ ★ ਕ੍ਰਿਸ਼ੀ ਜਾਂ ਫਾਰਮ ਸਲਾਹਕਾਰ ਕੇਂਦਰ ਜਾਣਾ ਚਾਹੀਦੈ**

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਮਾਹਿਰਾਂ ਨੇ ਕਿਸਾਨਾਂ ਨੂੰ ਪੀਲੀ ਕੁੰਗੀ ਤੋਂ ਬਚਾਅ ਲਈ ਜਾਗਰੂਕ ਕਰਦੇ ਹੋਏ ਕਿਹਾ ਕਿ ਪੰਜਾਬ ਵਿੱਚ ਕਣਕ ਦੀ ਫ਼ਸਲ 'ਤੇ ਪੀਲੀ ਕੁੰਗੀ ਦਾ ਸ਼ੁਰੂਆਤੀ ਹਮਲਾ ਹਰ ਸਾਲ ਨੀਮ ਪਹਾੜੀ ਇਲਾਕਿਆਂ ਜਿਵੇਂ ਕਿ ਰੋਪੜ, ਅਨੰਦਪੁਰ ਸਾਹਿਬ, ਨੂਰਪੁਰ ਬੇਦੀ, ਗੜ੍ਹਸ਼ੰਕਰ, ਨਵਾਂਸ਼ਹਿਰ, ਬਲਾਚੌਰ, ਹੁਸ਼ਿਆਰਪੁਰ, ਮਾਹਿਲਪੁਰ, ਮੁਕੇਰੀਆਂ, ਗੁਰਦਾਸਪੁਰ, ਡੇਰਾ ਬਾਬਾ ਨਾਨਕ, ਰਮਦਾਸ, ਕਲਾਨੌਰ, ਪਠਾਨਕੋਟ ਆਦਿ ਵਿੱਚ ਸ਼ੁਰੂ ਹੁੰਦਾ ਹੈ। ਪੀ. ਏ. ਯੂ. ਦੇ ਮਾਹਿਰ ਡਾ. ਦਲਜੀਤ ਸਿੰਘ ਬੁੱਟਰ ਨੇ



ਦੱਸਿਆ ਕਿ ਪੀਲੀ ਕੁੰਗੀ ਦੇ ਹਮਲੇ ਨਾਲ ਕਣਕ ਦੇ ਪੱਤਿਆਂ ਉਪਰ ਪੀਲੇ ਰੰਗ ਦੀਆਂ ਧਾਰੀਆਂ ਬਣ ਜਾਂਦੀਆਂ ਹਨ, ਜਿਨ੍ਹਾਂ ਵਿੱਚੋਂ ਹਲਦੀਨੁਮਾ ਧੂੜਾ ਨਿਕਲਦਾ ਨਜ਼ਰ ਆਉਂਦਾ ਹੈ। ਜੇ ਪੀਲੀ ਕੁੰਗੀ ਨਾਲ ਪ੍ਰਭਾਵਿਤ ਪੱਤਿਆਂ ਨੂੰ ਛੂਹਿਆ ਜਾਵੇ ਤਾਂ ਹਲਦੀਨੁਮਾ ਧੂੜਾ ਉਂਗਲੀਆਂ ਉੱਤੇ ਸਾਫ਼ ਨਜ਼ਰ ਆਉਂਦਾ ਹੈ। ਇਸ ਪੀਲੀ ਧੂੜ ਤੋਂ ਹੀ ਪੀਲੀ ਕੁੰਗੀ ਪਛਾਣੀ ਜਾ ਸਕਦੀ ਹੈ। ਖੇਤ ਵਿੱਚ ਪੀਲੀ ਕੁੰਗੀ ਨਾਲ ਪ੍ਰਭਾਵਿਤ ਬੂਟੇ ਧੌੜੀਆਂ ਦੀ ਸ਼ਕਲ ਵਿੱਚ ਨਜ਼ਰੀਂ ਪੈਂਦੇ ਹਨ। ਪੀਲੀ ਕੁੰਗੀ ਦਾ ਧੂੜਾ ਨੇੜੇ ਦੇ ਖੇਤਾਂ ਵਿੱਚ ਹਵਾ ਦੇ ਨਾਲ ਫੈਲ ਜਾਂਦਾ ਹੈ, ਜਿਸ ਨਾਲ ਬਿਮਾਰੀ ਦੂਰ ਤੱਕ ਫੈਲ ਜਾਂਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮਾਹਿਰਾਂ ਵੱਲੋਂ ਨੀਮ ਪਹਾੜੀ ਇਲਾਕਿਆਂ ਵਿੱਚ ਕਣਕ ਦਾ ਲਗਾਤਾਰ ਸਰਵੇਖਣ ਕੀਤਾ ਜਾ ਰਿਹਾ ਹੈ। ਹਾਲੇ ਤੱਕ ਰੋਪੜ ਦੇ ਚੰਦਪੁਰ ਬੇਲਾ ਅਤੇ ਗੁਰਦਾਸਪੁਰ ਦੇ ਧਾਰੋ ਚੱਕ ਪਿੰਡਾਂ ਵਿੱਚ 1-2 ਥਾਂਵਾਂ 'ਤੇ ਐਚ. ਡੀ.-3386, ਪੀ. ਬੀ. ਡਬਲਯੂ.-872 ਅਤੇ ਪੀ. ਬੀ. ਡਬਲਯੂ.-826 ਕਿਸਮਾਂ 'ਤੇ ਇਹ ਬਿਮਾਰੀ ਵੇਖਣ ਨੂੰ ਮਿਲੀ ਹੈ।

ਕਿਸਾਨਾਂ ਨੂੰ ਇਹ ਹਦਾਇਤ ਕੀਤੀ ਗਈ ਹੈ ਕਿ ਉਹ ਆਪਣੀ ਫ਼ਸਲ ਦਾ ਲਗਾਤਾਰ ਸਰਵੇਖਣ ਕਰਨ ਅਤੇ ਜੇ ਬਿਮਾਰੀ ਦੇ ਲੱਛਣ ਨਜ਼ਰ ਆਉਣ ਤਾਂ ਆਪਣੇ ਨੇੜਲੇ ਕ੍ਰਿਸ਼ੀ ਵਿਗਿਆਨ ਕੇਂਦਰ, ਫਾਰਮ ਸਲਾਹਕਾਰ ਸੇਵਾ ਕੇਂਦਰ ਜਾਂ ਯੂਨੀਵਰਸਿਟੀ ਦੇ ਮਾਹਿਰਾਂ ਨਾਲ ਸੰਪਰਕ ਕਰਨ।

**ਬਚਾਅ ਲਈ ਕਿਸਾਨ ਇਹ ਤਰੀਕੇ ਵਰਤਣ**

ਇਸ ਸੰਬੰਧ ਵਿੱਚ ਕਿਹਾ ਗਿਆ ਹੈ ਕਿ ਪੀਲੀ ਕੁੰਗੀ ਦੀ ਪੁਸ਼ਟੀ ਹੋਣ ਤੋਂ ਬਾਅਦ ਇਨ੍ਹਾਂ ਧੌੜੀਆਂ ਉੱਤੇ ਅਤੇ ਆਲੇ-ਦੁਆਲੇ ਦੀ ਫ਼ਸਲ 'ਤੇ 300 ਗ੍ਰਾਮ ਤਾਕਤ 75 ਡਬਲਯੂ. ਪੀ. (ਕੈਪਟਾਨ ਹੈਕਸਾਕੋਨਾਜ਼ੋਲ) ਜਾਂ 200 ਗ੍ਰਾਮ ਕੇਵੀਅਟ 25 ਡਬਲਯੂ. ਜੀ. (ਟੈਬੂਕੋਨਾਜ਼ੋਲ) ਜਾਂ 120 ਗ੍ਰਾਮ ਨਟੀਵੋ 2175 ਡਬਲਯੂ. ਜੀ. (ਟ੍ਰਾਈਫਲੋਕਸੀਸਟ੍ਰੋਬਿਨ ਟੈਬੂਕੋਨਾਜ਼ੋਲ) ਜਾਂ 200 ਮਿਲੀਲੀਟਰ ਅੰਮਪੈਕਟ ਐਕਸਟਰਾ (ਐਜ਼ੋਕਸੀਸਟ੍ਰੋਬਿਨ ਸਾਇਪਰਾਕੋਨਾਜ਼ੋਲ) ਜਾਂ 200 ਮਿਲੀਲੀਟਰ ਕਸਟੋਡੀਆ 320 ਐਸ. ਸੀ. (ਐਜ਼ਕਸੀਸਟ੍ਰੋਬਿਨ ਟੈਬੂਕੋਨਾਜ਼ੋਲ) ਜਾਂ 200 ਮਿਲੀਲੀਟਰ ਟਿਲਟ 25 ਈ. ਸੀ./ਸ਼ਾਈਨ 25 ਈ. ਸੀ./ਬੰਪਰ 25 ਈ. ਸੀ./ਸਟਿਲਟ 25 ਈ. ਸੀ./ਕੰਪਾਸ 25 ਈ. ਸੀ./ਮਾਰਕਜ਼ੋਲ 25 ਈ. ਸੀ. (ਪ੍ਰੋਪੀਕੋਨਾਜ਼ੋਲ) ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰ ਦਿਉ ਤਾਂ ਜੋ ਪੀਲੀ ਕੁੰਗੀ ਦੇ ਹਮਲੇ ਨੂੰ ਉੱਥੇ ਹੀ ਰੋਕਿਆ ਜਾ ਸਕਦਾ ਹੈ।

# ਕੇਂਦਰ ਨੇ ਨਰਮੇ ਦੀ ਖਰੀਦ ਵਿੱਚ ਹੱਥ ਘੁੱਟਿਆ

**• ਸਾਲ 2025-26 ਵਿੱਚ ਸਿਰਫ 35 ਫੀਸਦੀ ਨਰਮਾ ਸਰਕਾਰੀ ਭਾਅ 'ਤੇ ਵਿਕਿਆ**
**• ਪੰਜਾਬ ਵਿੱਚ ਕਣਕ-ਝੋਨੇ ਤੋਂ ਬਿਨਾਂ ਬਾਕੀ ਫ਼ਸਲਾਂ ਦੀ ਖਰੀਦ ਮਾਮੂਲੀ**

ਕੇਂਦਰ ਸਰਕਾਰ 23 ਫ਼ਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ (ਐਮ. ਐਸ. ਪੀ.) 'ਤੇ ਖਰੀਦ ਕਰਨ ਦਾ ਦਾਅਵਾ ਕਰਦੀ ਹੈ, ਪਰ ਹਕੀਕਤ ਵਿੱਚ ਕਣਕ-ਝੋਨੇ ਨੂੰ ਛੱਡ ਕੇ ਪੰਜਾਬ ਵਿੱਚੋਂ ਬਾਕੀ ਫ਼ਸਲਾਂ ਦੀ ਸਰਕਾਰੀ ਭਾਅ 'ਤੇ ਖਰੀਦ ਮਾਮੂਲੀ ਹੁੰਦੀ ਹੈ।

2025-26 ਵਿੱਚ ਕਪਾਹ ਉਤਪਾਦਕ 11 ਸੂਬਿਆਂ ਵਿੱਚੋਂ ਪੱਛਮੀ ਬੰਗਾਲ ਅਤੇ ਪੰਜਾਬ ਵਿੱਚ ਸਭ ਤੋਂ ਘੱਟ ਫ਼ਸਲ ਸਰਕਾਰ ਭਾਅ 'ਤੇ ਖਰੀਦੀ ਗਈ ਹੈ। ਚਾਲੂ ਫ਼ਸਲੀ ਸੀਜ਼ਨ 2025-26 ਦੌਰਾਨ ਹੁਣ ਤੱਕ ਪੰਜਾਬ ਵਿੱਚ ਨਰਮੇ ਦੀਆਂ ਸਿਰਫ਼ 45,546 ਗੱਠਾਂ (35 ਫੀਸਦ) ਹੀ ਸਰਕਾਰੀ ਭਾਅ 'ਤੇ ਵਿਕੀਆਂ ਹਨ; ਕਿਸਾਨਾਂ ਨੂੰ 65 ਫੀਸਦ ਫ਼ਸਲ ਸਰਕਾਰ ਭਾਅ ਤੋਂ ਹੇਠਾਂ ਵੇਚਣੀ ਪਈ ਹੈ। ਕੇਂਦਰੀ ਖੇਤੀ ਮੰਤਰਾਲੇ ਅਨੁਸਾਰ 11 ਸੂਬਿਆਂ ਵਿੱਚੋ 2025-26 ਦੌਰਾਨ 34,977 ਕਰੋੜ ਰੁਪਏ ਦੀ ਫ਼ਸਲ ਐਮ. ਐਸ. ਪੀ. 'ਤੇ ਖਰੀਦੀ ਗਈ, ਜਿਸ ਵਿੱਚੋਂ ਪੰਜਾਬ ਵਿੱਚੋਂ ਸਿਰਫ 182.11 ਕਰੋੜ ਅਤੇ ਪੱਛਮੀ ਬੰਗਾਲ ਵਿੱਚੋਂ ਨਰਮੇ ਦੀ ਸਿਰਫ ਇੱਕ ਕਰੋੜ ਰੁਪਏ ਦੀ ਫ਼ਸਲ ਸਰਕਾਰੀ ਭਾਅ 'ਤੇ ਖਰੀਦੀ ਗਈ।



ਪੰਜਾਬ ਵਿੱਚ 2020-21 ਵਿੱਚ ਨਰਮੇ ਦੀਆਂ 10.22 ਲੱਖ ਗੱਠਾਂ ਦੀ ਪੈਦਾਵਾਰ ਹੋਈ ਸੀ, ਜਿਨ੍ਹਾਂ ਵਿੱਚੋਂ 5.36 ਲੱਖ ਗੱਠਾਂ (52.44 ਫੀਸਦੀ) ਦੀ ਖਰੀਦ ਐਮ. ਐਸ. ਪੀ. 'ਤੇ ਕੀਤੀ ਗਈ ਸੀ। ਇਸੇ ਸਮੇਂ ਹਰਿਆਣਾ ਵਿੱਚੋਂ 58.01 ਫੀਸਦ ਨਰਮਾ ਸਰਕਾਰੀ ਭਾਅ 'ਤੇ ਖਰੀਦਿਆ ਗਿਆ। 2024-25 ਵਿੱਚ ਪੰਜਾਬ ਵਿੱਚੋਂ 4.14 ਲੱਖ ਗੱਠਾਂ ਵਿੱਚੋਂ ਸਿਰਫ 1,710 ਗੱਠਾਂ (0.41 ਫੀਸਦ) ਸਰਕਾਰੀ ਭਾਅ 'ਤੇ ਖਰੀਦੀਆਂ ਗਈਆਂ। ਹਰਿਆਣਾ ਵਿੱਚੋਂ 5.29 ਫੀਸਦ ਅਤੇ ਰਾਜਸਥਾਨ ਵਿੱਚੋਂ 2.80 ਫੀਸਦ ਨਰਮਾ ਸਰਕਾਰੀ ਭਾਅ 'ਤੇ ਵਿਕਿਆ ਸੀ। 2024-25 ਦੌਰਾਨ ਪੰਜਾਬ ਵਿੱਚੋਂ 6.14 ਕਰੋੜ, ਹਰਿਆਣਾ ਵਿੱਚੋਂ 219.72 ਕਰੋੜ ਅਤੇ ਰਾਜਸਥਾਨ ਵਿੱਚੋਂ 181.87 ਕਰੋੜ ਦਾ ਨਰਮਾ ਖਰੀਦਿਆ ਗਿਆ। 2023-24 ਵਿੱਚ ਪੰਜਾਬ ਵਿੱਚ ਨਰਮੇ ਦੀਆਂ 6.28 ਲੱਖ ਗੱਠਾਂ ਵਿੱਚੋਂ ਸਿਰਫ 38,441 ਗੱਠਾਂ (6.12 ਫੀਸਦ) ਸਰਕਾਰੀ ਭਾਅ 'ਤੇ ਵਿਕੀਆਂ। ਇਸ ਵਾਰ ਪੰਜਾਬ ਵਿੱਚ ਨਰਮੇ ਹੇਠ ਰਕਬਾ ਘੱਟ ਕੇ 1.19 ਲੱਖ ਹੈਕਟੇਅਰ ਰਹਿ ਗਿਆ ਸੀ, ਜਦੋਂਕਿ 1990-91 ਵਿੱਚ ਰਕਬਾ 7.01 ਲੱਖ ਹੈਕਟੇਅਰ ਸੀ। 2006-07 ਵਿੱਚ ਨਰਮੇ ਦੀ ਰਿਕਾਰਡ ਪੈਦਾਵਾਰ 27 ਲੱਖ ਗੱਠਾਂ ਦੀ ਹੋਈ ਸੀ।

**ਪੰਜਾਬ ਵਿੱਚੋਂ ਦਾਲਾਂ ਦੀ ਮਾਮੂਲੀ ਖਰੀਦ**

2020-21 ਤੋਂ 2025-26 ਦੇ ਸਮੇਂ ਦੌਰਾਨ ਸਿਰਫ ਇੱਕ ਸਾਲ 2021-22 ਦੌਰਾਨ ਦਾਲਾਂ ਦੀ ਐਮ. ਐਸ. ਪੀ. 'ਤੇ ਖਰੀਦ 18.62 ਕਰੋੜ ਰੁਪਏ ਦੀ ਹੋਈ ਸੀ। ਬਾਕੀ ਕਿਸੇ ਵੀ ਸਾਲ ਦਾਲਾਂ ਦੀ ਸਰਕਾਰੀ ਭਾਅ 'ਤੇ ਖਰੀਦ ਨਹੀਂ ਹੋਈ। ਉਪਰੋਕਤ ਵਰ੍ਹਿਆਂ ਦੌਰਾਨ ਹਰਿਆਣਾ ਵਿੱਚੋਂ ਕਰੀਬ 46 ਕਰੋੜ ਦੀਆਂ ਦਾਲਾਂ ਖਰਦੀਦੀਆਂ ਗਈਆਂ। ਤੇਲ ਬੀਜ ਵਾਲੀਆਂ ਫ਼ਸਲਾਂ ਦੀ ਖਰੀਦ ਇਨ੍ਹਾਂ ਵਰ੍ਹਿਆਂ ਦੌਰਾਨ ਪੰਜਾਬ ਵਿੱਚੋਂ ਕਦੇ ਨਹੀਂ ਹੋਈ। ਮੱਧ ਪ੍ਰਦੇਸ਼, ਗੁਜਰਾਤ ਅਤੇ ਮਹਾਰਾਸ਼ਟਰ ਵਿੱਚ ਸਭ ਤੋਂ ਵੱਧ ਦਾਲਾਂ ਦੀ ਸਰਕਾਰੀ ਭਾਅ 'ਤੇ ਖਰੀਦ ਹੋਈ ਹੈ।

## ਖਿੱਚ ਦਾ ਕੇਂਦਰ ਬਣਿਆ ਪੀ.ਏ.ਯੂ. ਦਾ ਟਿਊਲਿਪ ਗਾਰਡਨ ਟਿਊਲਿਪ ਦੀਆਂ ਵਪਾਰਕ ਸੰਭਾਵਨਾਵਾਂ ਬਾਰੇ ਲੰਮੇ ਸਮੇਂ ਤੋਂ ਖੋਜ ਜਾਰੀ : ਗੋਸਲ

ਬਹਾਰ ਰੁੱਤ ਵਿੱਚ ਪੀ. ਏ. ਯੂ. ਦੇ ਵਿਹੜੇ ਲੱਗੇ ਰੰਗ-ਬਿਰੰਗੇ ਟਿਊਲਿਪਾਂ ਉੱਪਰ ਵੀ ਜੋਬਨ ਦੇਖਣ ਨੂੰ ਮਿਲ ਰਹੇ ਹਨ। ਲੁਧਿਆਣਾ ਤੋਂ ਹੀ ਨਹੀਂ ਆਸ-ਪਾਸ ਦੇ ਇਲਾਕਿਆਂ ਤੋਂ ਲੋਕ ਇਨ੍ਹਾਂ ਫੁੱਲਾਂ ਦੀ ਰੰਗਤ ਮਾਣਨ ਲਈ ਆ ਰਹੇ ਹਨ। ਪੰਜਾਬ ਵਿੱਚ ਦੁਰਲੱਭ ਕਿਹਾ ਜਾਣ ਵਾਲਾ ਟਿਊਲਿਪ ਪੀ. ਏ. ਯੂ. ਦੇ ਵਿਗਿਆਨੀਆਂ ਦੀ ਖੋਜ ਅਤੇ ਮਿਹਨਤ ਸਦਕਾ ਖਿੜਿਆ ਹੈ।

ਇਸ ਸੰਬੰਧ ਵਿੱਚ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਪ-ਕੁਲਪਤੀ ਡਾ. ਸਤਿਬੀਰ ਸਿੰਘ ਗੋਸਲ ਨੇ ਕਿਹਾ ਕਿ ਇਨ੍ਹਾਂ ਫੁੱਲਾਂ ਨੇ ਪੀ. ਏ. ਯੂ. ਦੀ ਰੰਗ-ਬਿਰੰਗੀ ਆਭਾ ਨੂੰ ਹੋਰ ਅਮੀਰ ਅਤੇ ਭਰਪੂਰ ਕੀਤਾ ਹੈ। ਇਹ ਫੁੱਲ ਨਾ ਸਿਰਫ ਸੁੰਦਰਤਾ ਅਤੇ ਨਜ਼ਾਕਤ ਪੱਖੋਂ ਮਨੋਮੋਹਕ ਹਨ, ਬਲਕਿ ਇਨ੍ਹਾਂ ਨਾਲ ਜੁੜਿਆ ਕੁਦਰਤ ਦਾ ਵਚਿੱਤਰ ਦ੍ਰਿਸ਼ ਦੇਖਣ ਵਾਲੇ ਨੂੰ ਮੋਹ ਲੈਂਦਾ ਹੈ। ਟਿਊਲਿਪ ਦੀ ਕਾਸ਼ਤ ਦੇ ਨਾਲ-ਨਾਲ ਯੂਨੀਵਰਸਿਟੀ ਲੰਮੇ ਸਮੇਂ ਤੋਂ ਇਸ ਦੀਆਂ ਵਪਾਰਕ ਸੰਭਾਵਨਾਵਾਂ ਬਾਰੇ ਖੋਜ ਕਰ ਰਹੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਆਉਂਦੇ ਸਮੇਂ ਇਸ ਦੀ ਕਾਸ਼ਤ ਦੇ ਮੌਕੇ ਅਤੇ ਬਾਜ਼ਾਰ ਦੀਆਂ ਸੰਭਾਵਨਾਵਾਂ ਵਧਣਗੀਆਂ। ਫਲੋਰੀਕਲਚਰ ਅਤੇ ਲੈਂਡਸਕੇਪਿੰਗ ਵਿਭਾਗ ਦੇ ਮੁਖੀ ਡਾ. ਪਰਮਿੰਦਰ ਸਿੰਘ ਨੇ ਕਿਹਾ ਕਿ ਪਹਿਲਾਂ ਸ੍ਰੀਨਗਰ ਜਾਣ ਵਾਲੇ ਸੈਲਾਨੀਆਂ ਨੂੰ ਇਹ ਫੁੱਲ ਨਜ਼ਰ ਆਉਂਦੇ ਸਨ, ਪਰ ਯੂਨੀਵਰਸਿਟੀ ਵਿੱਚ ਅੱਠ ਵੱਖ-ਵੱਖ ਕਿਸਮਾਂ ਦੇ 2000 ਦੇ ਕਰੀਬ ਹੋਏ ਦਰਸ਼ਕਾਂ ਨੂੰ ਮੋਹ ਰਹੇ ਹਨ।

**ਕਿਲ੍ਹਾ ਰਾਏਪੁਰ ਪੇਂਡੂ ਉਲੰਪਿਕ ਸਮਾਪਤ**

# ਕਿਲ੍ਹਾ ਰਾਏਪੁਰ ਖੇਡਾਂ ਦੀ ਪੁਨਰ ਸੁਰਜੀਤੀ ਪੰਜਾਬ ਦੀ ਪੇਂਡੂ ਵਿਰਾਸਤ ਅਤੇ ਸੱਭਿਆਚਾਰਕ ਤਾਕਤ ਨੂੰ ਦਰਸਾਉਂਦੀ ਹੈ - ਭਗਵੰਤ ਮਾਨ

*ਇਸ ਮੇਲੇ ਦਾ ਮੁੱਖ ਆਕਰਸ਼ਣ ਬੈਲ ਗੱਡੀਆਂ ਦੀਆਂ ਦੌੜਾਂ 12 ਸਾਲਾਂ ਦੇ ਅੰਤਰਾਲ ਤੋਂ ਬਾਅਦ ਮੁੜ ਸੁਰਜੀਤ ਹੋਈਆਂ ਹਨ*

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਤਿਹਾਸਕ ਕਿਲ੍ਹਾ ਰਾਏਪੁਰ ਪੇਂਡੂ ਓਲੰਪਿਕਸ ਵਿੱਚ ਸ਼ਾਮਲ ਹੁੰਦਿਆਂ ਖੇਡਾਂ ਨੂੰ ਨਸ਼ਿਆਂ ਦੇ ਖਾਤਮੇ ਲਈ ਸਭ ਤੋਂ ਘਾਤਕ ਹਥਿਆਰ ਐਲਾਨਿਆ। ਉਨ੍ਹਾਂ ਕਿਹਾ ਕਿ ਆਉਣ ਵਾਲੇ ਪੰਜਾਬ ਦੇ ਬਜਟ ਵਿੱਚ ਖੇਡਾਂ ਦੇ ਬਜਟ ਵਿੱਚ ਵਾਧਾ ਕੀਤਾ ਜਾਵੇਗਾ, ਜਿਸ ਨਾਲ ਪੰਜਾਬ ਦੇ ਨੌਜਵਾਨਾਂ ਦੀ ਊਰਜਾ ਨੂੰ ਉਸਾਰੂ ਦਿਸ਼ਾ ਵੱਲ ਲਿਜਾਣ ਲਈ ਠੋਸ ਯਤਨ ਕੀਤੇ ਜਾਣਗੇ। ਇਹ ਦੱਸਦਿਆਂ ਕਿ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਬੰਦ ਕੀਤੀਆਂ ਗਈਆਂ ਬੈਲ ਗੱਡੀਆਂ ਦੀਆਂ ਦੌੜਾਂ ਹੁਣ ਕਾਨੂੰਨ ਵਿੱਚ ਸੋਧ ਉਪਰੰਤ ਮੁੜ ਸੁਰੂ ਹੋ ਗਈਆਂ ਹਨ, ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਬੱਚੇ ਮੈਦਾਨ ਵਿੱਚ ਪਸੀਨਾ ਵਹਾਉਣਗੇ ਅਤੇ ਘਰਾਂ ਨੂੰ ਤਗਮੇ ਲਿਆਉਣਗੇ ਤਾਂ ਕਿਸੇ ਵੀ ਨਸਾ ਵਿਰੋਧੀ ਮੁਹਿੰਮ ਦੀ ਲੋੜ ਨਹੀਂ ਰਹੇਗੀ।

ਕਿਲਾ ਰਾਏਪੁਰ ਖੇਡਾਂ ਦੀ ਪੁਨਰ ਸੁਰਜੀਤੀ ਨੂੰ ਪੰਜਾਬ ਦੇ ਪੇਂਡੂ ਸੱਭਿਆਚਾਰ ਅਤੇ ਵਿਰਾਸਤ ਦੀ ਝਲਕ ਦੱਸਦਿਆਂ, ਮੁੱਖ ਮੰਤਰੀ ਨੇ ਨਵੀਂ ਖੇਡ ਨੀਤੀ 2023 ਨੂੰ ਸੂਬੇ ਦੀਆਂ ਖੇਡਾਂ ਦੀ ਸਾਨ ਨੂੰ ਬਹਾਲ ਕਰਨ ਵੱਲ ਇੱਕ ਅਹਿਮ ਕਦਮ ਦੱਸਿਆ ਜਿਸ ਤਹਿਤ ਹਰ ਪਿੰਡ ਵਿੱਚ ਸਟੇਡੀਅਮ ਬਣਾਏ ਜਾਣਗੇ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਕਿਲਾ ਰਾਏਪੁਰ ਵਿੱਚ ਅੱਠ ਏਕੜ ਵਿੱਚ ਫੈਲੇ ਛੱਪੜ ਦਾ ਸੁੰਦਰੀਕਰਨ ਕੀਤਾ ਜਾਵੇਗਾ ਅਤੇ ਪਿੰਡ ਵਿੱਚ ਇੱਕ ਆਧੁਨਿਕ ਲਾਇਬ੍ਰੇਰੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਅਸੀਂ ਪਿਛਲੀਆਂ ਸਰਕਾਰਾਂ ਵੱਲੋਂ ਕੀਤੀ ਲੁੱਟ-ਖਸੁੱਟ ਦੀ ਲੀਕੇਜ ਨੂੰ ਬੰਦ ਕਰ ਰਹੇ ਹਾਂ, ਜਿਸ ਨਾਲ ਜਨਤਾ ਦਾ ਪੈਸਾ ਬਚਾਇਆ ਜਾ ਰਿਹਾ ਹੈ ਅਤੇ ਇਸ ਨੂੰ ਸਿੱਧਾ ਲੋਕਾਂ 'ਤੇ ਖਰਚ ਕੀਤਾ ਜਾ ਰਿਹਾ ਹੈ।

ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਜੰਗ ਬਾਰੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਸਰਕਾਰ ਨੇ ਸੂਬੇ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸੁਰੂ ਕੀਤੀ ਹੈ ਅਤੇ ਖੇਡਾਂ ਇਸ ਜੰਗ ਵਿੱਚ ਸਭ ਤੋਂ ਵੱਡਾ ਹਥਿਆਰ ਹਨ।" ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਹਰ ਪਿੰਡ ਵਿੱਚ ਸਟੇਡੀਅਮ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸਟੀ ਵਾਲੀ ਗੱਲ ਹੈ ਕਿ ਸੂਬੇ ਦੇ ਨੌਜਵਾਨ ਰਾਸਟਰੀ ਅਤੇ ਅੰਤਰਰਾਸਟਰੀ ਪੱਧਰ 'ਤੇ ਵਿੱਚ ਤਗਮੇ ਜਿੱਤ ਕੇ ਪੰਜਾਬ ਅਤੇ ਦੇਸ ਦਾ ਨਾਮ ਰੌਸਨ ਕਰ ਰਹੇ ਹਨ।

ਕਿਲਾ ਰਾਏਪੁਰ ਖੇਡਾਂ ਨੂੰ ਪੇਂਡੂ ਸੱਭਿਆਚਾਰ ਅਤੇ ਵਿਰਾਸਤ ਦੀ ਝਲਕ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਖੁਸੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਇਸ ਵਿਰਾਸਤ ਨੂੰ ਮੁੜ ਸੁਰਜੀਤ ਕੀਤਾ ਹੈ।" ਇਸ ਨੂੰ ਇੱਕ ਇਤਿਹਾਸਕ ਪਲ ਦੱਸਦਿਆਂ ਉਨ੍ਹਾਂ ਕਿਹਾ ਕਿ ਇਹ ਖੇਡਾਂ ਵਿਸਵ ਪੱਧਰ 'ਤੇ ਪ੍ਰਸਿੱਧ ਹਨ ਅਤੇ ਲੰਬੇ ਸਮੇਂ ਤੋਂ ਬੈਲ ਗੱਡੀਆਂ ਦੀਆਂ ਦੌੜਾਂ ਨੂੰ ਮੁੜ ਸੁਰੂ ਕਰਨ ਦੀ ਮੰਗ ਕੀਤੀ ਜਾ ਰਹੀ ਸੀ। ਉਨ੍ਹਾਂ ਕਿਹਾ, "ਅਸੀਂ ਇਤਿਹਾਸਕ ਪਲਾਂ ਦੇ ਗਵਾਹ ਬਣ ਰਹੇ ਹਾਂ। ਲੋਕਾਂ ਨੂੰ ਆਪਣੇ ਬੈਲਾਂ ਨਾਲ ਬਹੁਤ ਪਿਆਰ ਹੈ ਅਤੇ ਉਹ ਉਨ੍ਹਾਂ ਨੂੰ ਆਪਣੇ ਪੁੱਤਰਾਂ ਵਾਂਗ ਪਾਲਦੇ ਹਨ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਗਾਤਾਰ ਤੀਜੇ ਸਾਲ ਕਿਲ੍ਹਾ ਰਾਏਪੁਰ ਦੇ ਗਰੇਵਾਲ ਸਟੇਡੀਅਮ ਵਿਖੇ ਪੇਂਡੂ ਓਲੰਪਿਕ 2026 ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮੇਲੇ ਦਾ ਮੁੱਖ ਆਕਰਸ਼ਣ ਬੈਲ ਗੱਡੀਆਂ ਦੀਆਂ ਦੌੜਾਂ 12 ਸਾਲਾਂ ਦੇ ਅੰਤਰਾਲ ਤੋਂ ਬਾਅਦ ਮੁੜ ਸੁਰਜੀਤ ਹੋਈਆਂ ਹਨ।

ਬੈਲ ਗੱਡੀਆਂ ਦੀਆਂ ਦੌੜਾਂ ਨੂੰ ਮੁੜ ਸ਼ੁਰੂ ਕਰਨ ਸਬੰਧੀ ਕਾਨੂੰਨੀ ਵਿਵਸਥਾ ਬਾਰੇ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "11 ਜੁਲਾਈ, 2025 ਨੂੰ ਪੰਜਾਬ ਵਿਧਾਨ ਸਭਾ ਵਿੱਚ 'ਜਾਨਵਰਾਂ 'ਤੇ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ) ਐਕਟ, 2025' ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ ਜਿਸ ਨਾਲ ਬੈਲ ਗੱਡੀਆਂ ਦੀਆਂ ਦੌੜਾਂ ਮੁੜ ਸੁਰੂ ਕਰਨ ਦਾ ਰਾਹ ਪੱਧਰਾ ਹੋਇਆ ਸੀ।" ਉਨ੍ਹਾਂ ਅੱਗੇ ਕਿਹਾ ਕਿ ਕਾਨੂੰਨ ਪਾਸ ਹੋਣ ਤੋਂ ਬਾਅਦ 29 ਜੁਲਾਈ, 2025 ਨੂੰ ਲੁਧਿਆਣਾ ਦੇ ਪਿੰਡ ਮਹਿਮਾ ਸਿੰਘ ਵਾਲਾ ਵਿਖੇ ਵਿਰਾਸਤੀ ਖੇਡ ਪ੍ਰੇਮੀਆਂ ਵੱਲੋਂ ਇੱਕ ਸਾਨਦਾਰ ਸਮਾਗਮ ਕਰਵਾਇਆ ਗਿਆ ਸੀ। ਉਨ੍ਹਾਂ ਕਿਹਾ, "ਬੈਲ ਗੱਡੀਆਂ ਦੀਆਂ ਦੌੜਾਂ ਸਾਡੀ ਪੇਂਡੂ ਵਿਰਾਸਤ ਨੂੰ ਦਰਸਾਉਂਦੀਆਂ ਹਨ ਅਤੇ ਸਾਨੂੰ ਸਾਡੇ ਸੱਭਿਆਚਾਰ ਤੇ ਵਿਰਾਸਤ ਨਾਲ ਜੋੜਦੀਆਂ ਹਨ। ਇਹ ਰਵਾਇਤੀ ਖੇਡਾਂ ਦੀ ਪੁਨਰ ਸੁਰਜੀਤੀਕਰਨ ਹੈ।"

ਮੁੱਖ ਮੰਤਰੀ ਮਾਨ ਨੇ ਕਿਹਾ, "ਬੈਲ ਸੂਬੇ ਦੀ ਸੱਭਿਆਚਾਰਕ ਵਿਰਾਸਤ ਦਾ ਇੱਕ ਅਨਿੱਖੜਵਾਂ ਅੰਗ ਹਨ ਅਤੇ ਪਹਿਲੇ ਸਿੱਖ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਸਾਹਿਬ ਵਿਖੇ ਲੰਮਾ ਸਮਾਂ ਬਲਦਾਂ ਨਾਲ ਖੇਤੀ ਕੀਤੀ।" ਉਨ੍ਹਾਂ ਅੱਗੇ ਕਿਹਾ ਕਿ ਜਦੋਂ ਬੈਲ ਗੱਡੀਆਂ ਦੀਆਂ ਦੌੜਾਂ 'ਤੇ ਪਾਬੰਦੀ ਲਗਾਉਣ ਵਾਲਾ ਕਾਨੂੰਨ ਲਾਗੂ ਕੀਤਾ ਗਿਆ ਤਾਂ ਵਿਰਾਸਤੀ ਖੇਡ ਪ੍ਰੇਮੀਆਂ ਨੂੰ ਵੱਡਾ ਝਟਕਾ ਲੱਗਾ ਅਤੇ ਰਵਾਇਤੀ ਖੇਡ ਵਿਰਾਸਤ ਨੂੰ ਨੁਕਸਾਨ ਭਾਰੀ ਹੋਇਆ। ਉਨ੍ਹਾਂ ਕਿਹਾ, "ਇਹ ਖੇਡ ਮੇਲਾ ਪੰਜਾਬੀ ਸੱਭਿਆਚਾਰ ਦੀ ਇੱਕ ਜਿਉਂਦੀ ਜਾਗਦੀ ਤਸਵੀਰ ਹੈ, ਜਿੱਥੇ ਕੁਸਤੀ, ਨੱਚਣ-ਗਾਉਣ ਵਰਗੀਆਂ ਖੇਡਾਂ ਰਾਹੀਂ ਪੰਜਾਬ ਦੀ ਮਹਾਨ ਵਿਰਾਸਤ ਨੂੰ ਨਿਹਾਰਿਆ ਜਾ ਸਕਦਾ ਹੈ।"





# ਬੁਢੇਪੇ ਵੱਲ ਵਧਣ ਲੱਗਾ ਪੰਜਾਬ, ਖੇਤੀ ਸੰਭਾਲਣ ਲਈ ਰੜਕਣ ਲੱਗੀ ਕਾਮਿਆਂ ਦੀ ਘਾਟ

## ਲੰਘੇ ਦਹਾਕੇ ਪੜ੍ਹਾਈ ਦੇ ਬਹਾਨੇ ਪੰਜਾਬ ਦੇ 15 ਲੱਖ ਨੌਜਵਾਨਾਂ ਨੇ ਵਿਦੇਸ਼ਾਂ ਵਿੱਚ ਕੀਤਾ ਪ੍ਰਵਾਸ

**☛ ਪੰਜਾਬਣ ਮਜ਼ਦੂਰ ਔਰਤਾਂ ਨੇ ਚੁੱਕਿਆ ਖੇਤੀ ਦਾ ਜ਼ਿੰਮਾ ☛ ਅੰਨਦਾਤਿਆਂ ਦਾ ਸੂਬਾ ਕਹਿਲਾਏ ਪੰਜਾਬ**

ਪੰਜਾਬ ਵਿੱਚ ਬਜ਼ੁਰਗਾਂ ਦੀ ਗਿਣਤੀ ਵੱਧਣ ਨਾਲ ਸੂਬੇ ਵਿੱਚ ਖੇਤੀ ਸੰਭਾਲਣ ਲਈ ਕਾਮਿਆਂ ਦੀ ਘਾਟ ਰੜਕਣੀ ਸ਼ੁਰੂ ਹੋ ਗਈ ਹੈ। ਪੰਜਾਬ ਦੀ ਸੱਤਾ ਦਾ ਸੁੱਖ ਭੋਗਣ ਵਾਲੀਆਂ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਦੀਆਂ ਨਾਕਾਮੀਆਂ ਕਾਰਨ ਨੌਜਵਾਨਾਂ ਦਾ ਪੜ੍ਹਾਈ ਬਹਾਨੇ ਵਿਦੇਸ਼ੀ ਪ੍ਰਵਾਸ ਅਤੇ ਨਸ਼ਿਆਂ ਦੀ ਲੱਭ, ਗੈਂਗਸਟਰਾਂ ਦੀਆਂ ਗਤੀਵਿਧੀਆਂ ਵਿੱਚ ਜੁੜ ਕੇ ਸੁਨਹਿਰੀ ਸੁਪਨਿਆਂ ਨੂੰ ਵੇਖਦੇ ਹੋਏ ਮੌਤ ਦੇ ਮੂੰਹ ਵਿੱਚ ਜਾ ਰਹੇ ਨੌਜਵਾਨਾਂ ਦੀ ਗਿਣਤੀ ਕਾਰਨ ਪੰਜਾਬ ਵਿੱਚ ਬਜ਼ੁਰਗਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਮੀਡੀਆਂ ਰਿਪੋਰਟਾਂ ਅਨੁਸਾਰ ਪੰਜਾਬ ਦੀ 70 ਫੀਸਦੀ ਆਬਾਦੀ 40 ਸਾਲ ਤੋਂ ਉੱਪਰ ਦਾ ਅੰਕੜਾ ਪਾਰ ਕਰ ਚੁੱਕੀ ਹੈ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਪੰਜਾਬ ਬੁੱਢਾ ਹੁੰਦਾ ਦਿਖਾਈ ਦੇ ਰਿਹਾ ਹੈ, ਜੋ ਪੰਜਾਬ ਲਈ ਬਹੁਤ ਵੱਡੀ ਤਰਾਸਦੀ ਹੈ। ਲੰਘੇ ਇੱਕ ਦਹਾਕੇ ਵਿੱਚ ਪੰਜਾਬ ਦਾ 15 ਲੱਖ ਤੋਂ ਵੱਧ ਨੌਜਵਾਨ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ ਆਦਿ ਦੇਸ਼ਾਂ ਵਿੱਚ ਪੜ੍ਹਾਈ ਕਰਨ ਲਈ ਸੂਬੇ ਨੂੰ ਛੱਡ ਚੁੱਕਾ ਹੈ। ਇਸੇ ਦਹਾਕੇ ਵਿੱਚ 1 ਲੱਖ ਤੋਂ ਵੱਧ ਨੌਜਵਾਨ ਨਸ਼ਿਆਂ ਦੇ ਦਰਿਆ ਵਿੱਚ ਰੁੜ ਗਏ ਹਨ। ਬੇਰੁਜ਼ਗਾਰੀ ਦੇ ਝੰਬੇ ਪੰਜਾਬ ਦੇ ਬਹੁਤੇ ਨੌਜਵਾਨ ਗੈਂਗਸਟਰ ਗਤੀਵਿਧੀਆਂ ਵਿੱਚ ਸ਼ਾਮਿਲ ਹੋ ਕੇ ਆਪਣੀਆਂ ਜਾਨਾਂ ਗਵਾ ਰਹੇ ਹਨ, ਜਿਨ੍ਹਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਦੂਜੇ ਪਾਸੇ, ਪੰਜਾਬ ਦੇ ਲੋਕਾਂ ਵਿੱਚ ਘੱਟ ਬੱਚੇ ਪੈਦਾ ਕਰਨ ਦਾ ਰੁਝਾਨ ਵੱਧ ਚੁੱਕਾ ਹੈ, ਜਿਸ ਨਾਲ ਪੰਜਾਬ ਵਿੱਚ ਜਨਮ ਦੇ ਅੰਕੜਿਆਂ ਤੋਂ ਮੌਤ ਦਰ ਦੇ ਅੰਕੜੇ ਅੱਗੇ ਲੰਘ ਰਹੇ ਹਨ। ਸਮੇਂ-ਸਮੇਂ ਦੀਆਂ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਪੰਜਾਬ ਦੇ ਇਨ੍ਹਾਂ ਹਾਲਾਤਾਂ ਨੂੰ ਅੱਖੋਂ-ਪਰੋਖੇ ਕਰਨ ਨਾਲ ਵੱਡੀਆਂ ਚਿੰਤਾਵਾਂ ਖੜ੍ਹੀਆਂ ਹੋ ਚੁੱਕੀਆਂ ਹਨ। ਮੌਜੂਦਾ ਹਲਾਤਾਂ ਵਿੱਚ ਪੰਜਾਬ ਦੇ ਦਿਹਾਤੀ ਖੇਤਰਾਂ ਵਿੱਚ ਵੱਧ ਰਹੀ ਨੌਜਵਾਨਾਂ ਦੀ ਘਾਟ ਪੰਜਾਬ ਦੇ ਖੇਤੀ ਖੇਤਰ ਲਈ ਨਵਾਂ ਸੰਕਟ ਖੜਾ ਕਰ ਸਕਦੀ ਹੈ। ਤਾਜ਼ਾ ਹਲਾਤਾਂ ਅਨੁਸਾਰ ਪੰਜਾਬ ਦੀ ਨੌਜਵਾਨ ਕਿਸਾਨੀ ਅਤੇ ਮਜ਼ਦੂਰ ਪੀੜ੍ਹੀ ਖੇਤੀ ਧੰਦੇ ਨਾਲੋਂ ਟੁੱਟ ਰਹੀ ਹੈ। ਤਾਜ਼ਾ ਅੰਕੜੇ ਅਨੁਸਾਰ ਖੇਤੀ ਧੰਦੇ ਨਾਲ ਜੁੜੇ 60 ਫੀਸਦੀ ਕਾਮਿਆਂ ਦੀ ਉਮਰ 38 ਸਾਲ ਤੋਂ ਪਾਰ ਕਰ ਚੁੱਕੀ ਹੈ। ਪੰਜਾਬ ਦੇ 65 ਲੱਖ ਘਰਾਂ ਵਿੱਚੋਂ 60 ਲੱਖ ਕਾਮੇ ਵੱਖ-ਵੱਖ ਖੇਤਰਾਂ ਵਿੱਚ ਕੰਮ ਕਰ ਰਹੇ ਹਨ, ਜਦੋਂਕਿ ਨੌਜਵਾਨ ਕਾਮਿਆਂ ਦਾ ਖੇਤੀ ਕਰਨ ਦੇ ਧੰਦੇ ਤੋਂ ਹਰ ਰੋਜ਼ ਮੋਹ ਭੰਗ ਹੁੰਦਾ ਜਾ ਰਿਹਾ ਹੈ। ਪੰਜਾਬ ਦੀ ਖੇਤੀ ਅਰਥ ਵਿਵਸਥਾ ਪ੍ਰਵਾਸੀ ਮਜ਼ਦੂਰਾਂ ਅਤੇ ਪੰਜਾਬੀ ਔਰਤਾਂ ਦੇ ਸਹਾਰੇ ਚੱਲ ਰਹੀ ਹੈ। ਪੰਜਾਬ ਵਿੱਚ 58 ਫੀਸਦੀ ਔਰਤਾਂ ਖੇਤ ਮਜ਼ਦੂਰੀ ਵਿੱਚ ਆਪਣਾ ਯੋਗਦਾਨ ਪਾ ਰਹੀਆਂ ਹਨ। ਔਰਤਾਂ ਦੀ ਮਿਹਨਤ ਸਦਕਾ ਅੰਨ ਦਾਤਿਆਂ ਦਾ ਸੂਬਾ ਹੁਣ ਅੰਨ ਦਾਤੀਆਂ ਦਾ ਸੂਬਾ ਬਣ ਚੁੱਕਾ ਹੈ। ਕੇਂਦਰ ਅਤੇ ਰਾਜ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਦਾ ਖੇਤੀ ਖੇਤਰ ਕਾਫ਼ੀ ਮੁਸ਼ਕਿਲਾਂ ਵਿੱਚ ਗੁਜ਼ਰ ਰਿਹਾ ਹੈ। ਕੌਮੀ ਪੋਰਟਲ ਅਨੁਸਾਰ ਦੇਸ਼ ਵਿੱਚ ਖੇਤੀ ਕਰਨ ਵਾਲੇ ਸੂਬਿਆਂ ਵਿੱਚੋਂ ਪੰਜਾਬ ਵਿੱਚ ਖੇਤੀ ਮਜ਼ਦੂਰਾਂ ਦੀ ਗਿਣਤੀ ਸਭ ਤੋਂ ਘੱਟ ਚੁੱਕੀ ਹੈ। ਤਾਜ਼ਾ ਅੰਕੜਿਆਂ ਅਨੁਸਾਰ ਰਾਜਸਥਾਨ ਵਿੱਚ 69 ਫੀਸਦੀ, ਮੱਧ ਪ੍ਰਦੇਸ਼ ਵਿੱਚ 58 ਫੀਸਦੀ, ਬਿਹਾਰ ਵਿੱਚ 56 ਫੀਸਦੀ, ਉੱਤਰ ਪ੍ਰਦੇਸ਼ ਵਿੱਚ 57.5 ਫੀਸਦੀ, ਗੁਜਰਾਤ ਵਿੱਚ 49 ਫੀਸਦੀ ਅਤੇ ਪੰਜਾਬ ਵਿੱਚ 45 ਫੀਸਦੀ ਮਜ਼ਦੂਰ ਖੇਤੀ ਧੰਦੇ ਨਾਲ ਜੁੜੇ ਹੋਏ ਹਨ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਖੇਤੀ ਕਿੱਤੇ ਨਾਲ ਜੁੜੇ ਮਜ਼ਦੂਰਾਂ ਵਿੱਚ ਰਾਜਸਥਾਨ ਸਭ ਤੋਂ ਮੋਹਰੀ ਅਤੇ ਪੰਜਾਬ ਸਭ ਤੋਂ ਫਾਡੀ ਸੂਬਾ ਬਣ ਚੁੱਕਾ ਹੈ। ਇਨ੍ਹਾਂ ਅੰਕੜਿਆਂ ਤੋਂ ਇਹ ਸਿੱਧ ਹੁੰਦਾ ਹੈ ਕਿ ਦੇਸ਼ ਵਿੱਚ ਅਨਾਜ ਪੈਦਾ ਕਰਨ ਵਿੱਚ ਸਭ ਤੋਂ ਮੋਹਰੀ ਸੂਬਾ ਪੰਜਾਬ ਆਉਣ ਵਾਲੇ ਸਮੇਂ ਲਈ ਖੇਤ ਮਜ਼ਦੂਰਾਂ ਦੀ ਘਾਟ ਕਾਰਨ ਕਾਫ਼ੀ ਪਛੜ ਸਕਦਾ ਹੈ, ਜਿਸ ਨਾਲ ਪੰਜਾਬ ਦੇ ਖੇਤੀ ਖੇਤਰ ਵਿੱਚ ਗਿਰਾਵਟ ਆਉਣ ਦੇ ਆਸਾਰ ਬਣ ਸਕਦੇ ਹਨ, ਜੋ ਦੇਸ਼ ਦੇ ਅੰਨ ਭੰਡਾਰ ਲਈ ਅਸ਼ੁੱਭ ਸੰਕੇਤ ਹੈ। ਇਨ੍ਹਾਂ ਹਾਲਾਤਾਂ ਨੂੰ ਵੇਖਦੇ ਹੋਏ ਕੇਂਦਰ ਅਤੇ ਰਾਜ ਸਰਕਾਰ ਨੂੰ ਪੰਜਾਬ ਦੀ ਕਿਸਾਨੀ ਨੂੰ ਬਚਾਉਣ ਲਈ ਅਗਾਂਹ ਹੋ ਕੇ ਕਦਮ ਚੁੱਕਣੇ ਚਾਹੀਦੇ ਹਨ।

